Asr. G.P.O.No. PB0001/ 2024-26

ੴ ਸਤਿਗੁਰ ਪ੍ਰਸਾਦਿ।।

ਅੰਕ-158ਵਾਂ (2024)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਜਸਵਿੰਦਰ ਸਿੰਘ (ਪਟਿਆਲਾ), ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ

**ਕੰਪਿਊਟਰ**
ਸਿਫਤਿ ਸਾਲਾਹ ਦਫਤਰ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**
ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

- ਸੰਪਾਦਕੀ 4
- ਵਡਿਆਈਆਂ ਬਾਲਾ ਪ੍ਰੀਤਮ ਜੀ ਦੀਆਂ 5
- ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 13
- ਨੌਂਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 14
- ਜ਼ਿੰਦਗੀ ਦੀਆਂ ਬਰੀਕੀਆਂ 17
- ਅਧਿਆਤਮਿਕ ਵਿਚਾਰਾਂ 19
- ਸਿੱਖੀ ਸਿੱਖਿਆ ਗੁਰ ਵੀਚਾਰਿ 20
- ਭਾਈ ਨੰਦ ਲਾਲ ਜੀ ਨੇ ਜਦੋਂ ਪਹਿਲੀ ਵਾਰੀ ਗੁਰੂ ਕਲਗੀਧਰ ਜੀ ਦੇ ਦਰਸ਼ਨ ਕੀਤੇ ਤਾਂ ਕਿਹੜੀ ਗਜ਼ਲ ਬੋਲੀ? 21
- 400 ਸਾਲ ਗੁਰ ਇਤਿਹਾਸ ਦੇ ਨਾਲ 28
- ਅਨਮੋਲ ਬਚਨ 31
- कितना बड़ा महात्म है जपुजी साहिब को पढ़ने व सुनने का 32
- जिंदगी की बारीकियाँ 39
- Martyrdom of Bhai Mani Singh Ji 41
- A Survey of 'Baani' of Bhagat Ravidas Ji in Sri Guru Granth Sahib Ji 46

*ਨੋਟ :* ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
*-ਸੰਪਾਦਕ*

# ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਮਈ ਜੂਨ ਦੇ ਮਹੀਨੇ ਲੰਘ ਕੇ ਗਏ ਹਨ। ਅਤਿ ਦੀ ਗਰਮੀ ਇਸ ਸਾਲ ਪੈ ਰਹੀ ਹੈ। ਇਸ ਸ੍ਰਿਸ਼ਟੀ ਤੇ ਰਹਿਣ ਵਾਲੇ ਇਨਸਾਨ, ਜੀਵ-ਜੰਤੂ, ਬਨਸਪਤੀ, ਗੱਲ ਕੀ ਕੋਈ ਵੀ ਇਸ ਕਹਿਰ ਤੋਂ ਬਚ ਨਹੀਂ ਸਕਿਆ। ਕਿਤੇ-ਕਿਤੇ ਤਾਂ 50 ਡਿਗਰੀ ਤੋਂ ਵੱਧ ਤਾਪਮਾਨ ਨੋਟ ਕੀਤਾ ਗਿਆ ਹੈ। ਇਸ ਗਲੋਬਲ ਵਾਰਮਿੰਗ ਨੇ ਅੰਤਰਾਸ਼ਟਰੀ ਪੱਧਰ ਤੇ ਆਲਮੀ ਸੰਸਥਾਵਾਂ ਨੂੰ ਵੀ ਸੋਚਣ ਲਈ ਮਜ਼ਬੂਰ ਕਰ ਦਿੱਤਾ ਹੈ ਕਿ ਅਜਿਹਾ ਵਰਤਾਰਾ ਅਗਲੇ ਸਾਲਾਂ ਵਿੱਚ ਵੀ ਚਲਦਾ ਰਿਹਾ ਤਾਂ ਧਰਤੀ ਤੇ ਰਹਿਣਾ ਕਿੰਨਾ ਅਸੰਭਵ ਹੋ ਜਾਵੇਗਾ। ਪਾਣੀ ਦੀ ਕਿੱਲਤ ਤਾਂ ਲਗਾਤਾਰ ਵੱਧ ਹੀ ਰਹੀ ਹੈ, ਦੂਜਾ ਇਸ ਵਧਦੇ ਤਾਪਮਾਨ ਕਾਰਨ ਪਾਣੀ ਦੀ ਲੋੜ ਬਹੁਤ ਹੱਦ ਤੱਕ ਵਧੀ ਵੀ ਹੈ ਤੇ ਇਹ ਵੀ ਦੇਖਿਆ ਜਾ ਰਿਹਾ ਹੈ ਕਿ ਕਈ ਕਈ ਖੇਤਰ ਸਾਡੇ ਡਾਰਕ ਜ਼ੋਨ ਹੇਠਾਂ ਚਲੇ ਗਏ ਹਨ ਭਾਵ ਕਿ ਜਿੱਥੇ ਸਾਫ ਪੀਣ ਵਾਲਾ ਪਾਣੀ ਉਪਲਬਧ ਹੋਣਾ ਬੇਹੱਦ ਮੁਸ਼ਕਲ ਹੋ ਗਿਆ ਹੈ। ਸਾਡੇ ਪੰਜਾਬ ਦਾ ਬਹੁਤ ਸਾਰਾ ਏਰੀਆ ਇਸ ਡਾਰਕ ਜ਼ੋਨ ਦੀ ਮਾਰ ਹੇਠ ਆਇਆ ਹੈ। ਅੰਤਰਾਸ਼ਟਰੀ ਸੋਚ ਇਸ ਹੱਦ ਤੱਕ ਚਲੀ ਗਈ ਹੈ ਕਿ ਆਉਣ ਵਾਲੇ ਸਮੇਂ ਤੇ ਤੀਜਾ ਵਿਸ਼ਵ ਯੁੱਧ ਹੋਇਆ ਤਾਂ ਪਾਣੀਆਂ ਦੇ ਕਰਕੇ ਹੀ ਹੋਵੇਗਾ। ਇੰਨਾ ਵੱਡਾ ਸੰਕਟ, ਇੰਨੀ ਵੱਡੀ ਤਰਾਸਦੀ ਬਣੀ ਕਿਵੇਂ? ਕੋਈ ਸ਼ੱਕ ਨਹੀਂ ਕਿ ਇਸ ਵਿੱਚ ਖੁਦ ਇਨਸਾਨ ਆਪ ਹੀ ਜ਼ਿੰਮੇਵਾਰ ਹੈ। ਆਪਣੇ ਭੌਤਿਕ ਸੁੱਖਾਂ ਦੀ ਪ੍ਰਾਪਤੀ ਲਈ ਵੱਡੀ ਪੱਧਰ ਤੇ ਜੰਗਲਾਂ ਦੀ ਕਟਾਈ ਕਰਕੇ ਸ਼ਹਿਰੀਕਰਨ ਨੂੰ ਹੱਲਾਸ਼ੇਰੀ ਦੇਣ ਦੀ ਨੀਅਤ ਨਾਲ ਅਸੀਂ ਇਸ ਗਲੋਬਲ ਵਾਰਮਿੰਗ ਦਾ ਸ਼ਿਕਾਰ ਹੋਏ ਹਾਂ। ਅਸੀਂ ਅਸਮਾਨ ਨੂੰ ਛੂੰਹਦੀਆਂ ਵੱਡੀਆਂ-ਵੱਡੀਆਂ ਬਿਲਡਿੰਗਾਂ ਤਾਂ ਬਣਾ ਲਈਆਂ ਹਨ ਪਰ ਕਦੀ ਇਹ ਨਹੀਂ ਸੋਚਿਆ ਕਿ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਦਰੱਖਤਾਂ ਦੀ ਕਦੀ ਛਾਂ ਵੀ ਨਸੀਬ ਹੋਵੇਗੀ ਕਿ ਨਹੀਂ ਜਾਂ ਇਹ ਛਾਵਾਂ ਕੇਵਲ ਪੁਰਾਣੇ ਸਮਿਆਂ ਦੀ ਗੱਲਾਂ ਤੱਕ ਹੀ ਸੀਮਤ ਰਹਿ ਜਾਣਗੀਆਂ ਜਾਂ ਕਿਤਾਬਾਂ ਦੇ ਸ਼ਿੰਗਾਰ ਤੱਕ ਹੀ ਸੀਮਤ ਹੋ ਕੇ ਰਹਿ ਜਾਣਗੀਆਂ ਤੇ ਸਾਡੇ ਬੱਚੇ ਇਹ ਪੜ੍ਹਿਆ ਕਰਨਗੇ ਕਿ ਸਾਡੇ ਵੱਡੇ-ਵਡੇਰੇ ਘਣੇ ਦਰੱਖਤਾਂ ਦੀਆਂ ਛਾਵਾਂ ਦਾ ਅਨੰਦ ਮਾਣਦੇ ਰਹੇ ਸਨ। ਸਾਡੇ ਗੁਰੂ ਸਾਹਿਬਾਨ ਨੇ ਬਨਸਪਤੀ ਨਾਲ ਬਹੁਤ ਪਿਆਰ ਕੀਤਾ ਹੈ।

ਇਤਿਹਾਸ ਦੱਸਦਾ ਹੈ ਕਿ ਸੱਤਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਮਹਾਰਾਜ ਆਪ ਬਾਗ ਤਿਆਰ ਕਰਦੇ ਰਹੇ ਹਨ। ਸ੍ਰੀ ਕੀਰਤਪੁਰ ਸਾਹਿਬ ਵਿਖੇ ਮਹਾਰਾਜ ਜੀ ਨੇ ਅਨੇਕਾਂ ਬਾਗ ਤਿਆਰ ਕਰਵਾਏ। ਗੁਰੂ ਕਲਗੀਧਰ ਪਿਤਾ ਜੀ ਵੀ ਬਾਗਾਂ ਨਾਲ ਬਹੁਤ ਪਿਆਰ ਕਰਦੇ ਸਨ। ਸੋਹਿਨਾ ਮੋਹਿਨਾ ਦੀ ਸਾਖੀ ਇਸ ਦੀ ਗਵਾਹੀ ਭਰਦੀ ਹੈ ਜਿਸ ਬਾਗ ਵਿੱਚੋਂ ਧੰਨ ਧੰਨ ਮਾਤਾ ਜੀਤੋ ਜੀ ਆਪ ਗੁਰੂ ਕਲਗੀਧਰ ਪਿਤਾ ਜੀ ਵਾਸਤੇ ਸੁੰਦਰ ਸਿਹਰਾ ਤਿਆਰ ਕਰਦੇ ਸਨ। ਉਸ ਬਾਗ ਦੇ ਦੇਖ-ਰੇਖ ਸੋਹਿਨਾ ਮੋਹਿਨਾ ਦੰਪਤੀ ਕਰਦੇ ਸਨ। ਇਨ੍ਹਾਂ ਕੋਲ ਇਹ ਗੁਣ ਸੀ ਕਿ ਇਹ ਬੇਰੁੱਤ ਵਿੱਚ ਵੀ ਸੋਹਣੇ-ਸੋਹਣੇ ਫੁੱਲ ਉਗਾਉਣ ਵਿੱਚ ਮਾਹਿਰ ਸਨ। ਸਤਿਗੁਰੂ ਜੀ ਦਾ ਬਨਸਪਤੀ ਨਾਲ ਇੰਨਾ ਪਿਆਰ ਸੀ ਕਿ ਗੁਰੂ ਸਾਹਿਬ ਨੇ ਆਪ ਮਾਲੀ ਤਿਆਰ ਕੀਤੇ। ਇਸ ਲਈ ਅੱਜ ਇਹ ਸੋਚਣ ਦਾ ਵਿਸ਼ਾ ਹੈ। ਸਿਰਫ ਸੋਚਣ ਦਾ ਵਿਸ਼ਾ ਹੀ ਨਹੀਂ ਬਲਕਿ ਪ੍ਰੈਕਟੀਕਲੀ ਇਸ ਨੂੰ ਅਮਲੀ ਰੂਪ ਦੇਣ ਦਾ ਵੇਲਾ ਹੈ। ਸਾਡੇ ਬਹੁਤ ਸਾਰੇ ਮਹਾਂਪੁਰਸ਼ਾਂ ਨੇ ਇਸ ਪਾਸੇ ਬਹੁਤ ਪਹਿਲਕਦਮੀ ਕੀਤੀ ਹੈ ਪਰ ਅੱਜ ਹਰ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਆਲੇ ਦੁਆਲੇ ਨੂੰ ਆਕਸੀਜਨ ਭਰਪੂਰ ਅਤੇ ਗਲੋਬਲ ਵਾਰਮਿੰਗ ਤੋਂ ਬਚਾਉਣ ਲਈ ਦਰੱਖਤ ਲਗਾਵੇ ਤੇ ਨਾਲ ਉਨ੍ਹਾਂ ਦੀ ਸੰਭਾਲ ਵੀ ਕਰੇ। ਸਰਕਾਰ ਵੱਲੋਂ ਵਣ ਮਿੱਤਰ ਇਸ ਕੰਮ ਲਈ ਲਗਾਏ ਹੋਏ ਹਨ ਪਰ ਅੱਜ ਹਰ ਇਨਸਾਨ ਦਾ ਫਰਜ਼ ਹੈ ਕਿ ਉਹ ਆਪ ਹੀ ਵਣ ਮਿੱਤਰ ਬਣੇ। ਥੋੜ੍ਹਾ-ਥੋੜ੍ਹਾ ਕੀਤਾ ਹੰਭਲਾ ਹੀ ਕਿਸੇ ਵੱਡੇ ਮੁਕਾਮ ਤੱਕ ਪਹੁੰਚਣ ਵਿੱਚ ਸਹਾਈ ਹੁੰਦਾ ਹੈ। ਹੋ ਸਕਦਾ ਹੈ ਕਿ ਸਾਡਾ ਇਹ ਘਰ ਤੋਂ ਸ਼ੁਰੂ ਕੀਤਾ ਗਿਆ ਉਪਰਾਲਾ ਸਾਨੂੰ ਉਸ ਸਮੇਂ ਵੱਲ ਫਿਰ ਲੈ ਜਾਵੇ ਜਿੱਥੇ ਹਰ ਪਾਸੇ ਜੰਗਲ ਹੀ ਜੰਗਲ ਹੁੰਦੇ ਸਨ ਤੇ ਇਨਸਾਨ ਤਾਂ ਕੀ, ਹਰ ਜੀਵ ਜੰਤੂ ਨੂੰ ਆਪਣੇ ਰਹਿਣ ਲਈ ਦਰੱਖਤਾਂ ਦਾ ਆਸਰਾ ਮਿਲ ਜਾਂਦਾ ਸੀ, ਅਜ਼ਾਦੀ ਨਾਲ ਘੁੰਮਣ ਲਈ ਹਰਿਆਵਲ ਮਿਲ ਜਾਂਦੀ ਸੀ ਤੇ ਗਲੋਬਲ ਵਾਰਮਿੰਗ ਤੋਂ ਦੂਰ ਕੁਦਰਤੀ ਛਾਂ ਦਾ ਅਨੰਦ ਮਾਨਣ ਲਈ ਕੁਦਰਤ ਦੀ ਗੋਦ ਨਸੀਬ ਹੋ ਜਾਂਦੀ ਸੀ।

ਇਸ ਲਈ ਹੁਣ ਪਿੱਛੇ ਨਾ ਹਟੀਏ, ਪੂਰੇ ਜ਼ੋਰ ਨਾਲ ਹੱਲਾ ਮਾਰ ਕੇ ਇਸ ਪਾਸੇ ਨੂੰ ਤੁਰੀਏ। ਨਹੀਂ ਤਾਂ ਆਉਣ ਵਾਲੀ ਪੀੜ੍ਹੀ ਸਾਨੂੰ ਕਦੀ ਮਾਫ ਨਹੀਂ ਕਰ ਸਕੇਗੀ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

***—ਸੰਪਾਦਕ***

## ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸੰਬੰਧ ਵਿੱਚ

# ਵਡਿਆਈਆਂ ਬਾਲਾ ਪ੍ਰੀਤਮ ਜੀ ਦੀਆਂ

(VCD 66)

## ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ

*—ਜਸਵਿੰਦਰ ਸਿੰਘ (ਪਟਿਆਲਾ)*

***ਗੁਰ ਪੂਰੇ ਕੀ ਵਡਿਆਈ ॥***

*(ਅੰਗ ੬੨੯)*

ਗੁਰੂ ਸਾਹਿਬ ਜੀ ਨੇ ਸੰਗਤ ਨੂੰ ਬਹੁਤ ਵਡਿਆਈਆਂ ਬਖਸ਼ੀਆਂ ਹਨ। ਤੁਹਾਨੂੰ ਕੋਈ ਪੁੱਛੇ, ਤੁਸੀਂ ਸੰਗਤ ਕਰਦੇ ਹੋ, ਇਸ ਦਾ ਕੀ ਮੁੱਲ ਹੈ ਤੇ ਗੁਰੂ ਸਾਹਿਬ ਇਸ ਪਰਥਾਏ ਸੋਝੀ ਬਖਸ਼ਦੇ ਹਨ:

***ਜਿਸ ਨੋ ਬਖਸੇ ਸਿਫਤਿ ਸਾਲਾਹ***
***ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥***

*(ਅੰਗ ੫)*

ਇਹ ਮੁੱਲ ਹੈ। ਗਰੀਬ ਨਿਵਾਜ ਕਹਿੰਦੇ ਹਨ, ਇਹ ਸੰਗਤ ਦੀਆਂ ਘੜੀਆਂ, ਇਹ ਸਿਮਰਨ, ਇਹ ਕਥਾ ਇਸ ਦੀ ਇੰਨੀ ਮਹਿਮਾ ਹੈ ਕਿ ਇਸ ਦਾ ਮੁੱਲ ਕੋਈ ਪਾ ਹੀ ਨਹੀਂ ਸਕਦਾ :

***ਇਹੁ ਵਾਪਾਰੁ ਵਿਰਲਾ ਵਾਪਾਰੈ ॥***
***ਨਾਨਕ ਤਾ ਕੈ ਸਦ ਬਲਿਹਾਰੈ ॥੫॥***

*(ਅੰਗ ੨੮੩)*

***ਗੁਰ ਪੂਰੇ ਕੀ ਵਡਿਆਈ ॥***

*(ਅੰਗ ੬੨੯)*

ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਤੁਹਾਡੀਆਂ ਵਡਿਆਈਆਂ ਕਿਵੇਂ ਕਰੀਏ? ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰਦਾ ਹੈ ਕਿ ਰੱਬ ਨੇ ਜਿਨ੍ਹਾਂ ਦੇ ਕਰਮਾਂ ਵਿੱਚ ਲਿਖ ਦਿੱਤਾ ਕਿ ਤੈਨੂੰ ਸਰੀਰ ਤੇ ਚਮੜੀ ਦੇ ਰੋਗ ਇੰਨੇ ਸਾਲ ਦੁੱਖ ਸਹਿਣੇ ਪੈਣਗੇ, ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਜੇ ਤੁਹਾਡੀ ਨਦਰਿ ਹੋ ਗਈ ਤਾਂ ਉਹ ਕਈ ਸਾਲਾਂ ਦੇ ਦੁੱਖਾਂ ਵਾਲੇ ਕਰਮ ਕੁਝ ਸਮੇਂ ਵਿੱਚ ਹੀ ਖਤਮ ਹੋ ਜਾਣਗੇ।

***ਤਾ ਕੀ ਕੀਮਤਿ ਕਹੀ ਨ ਜਾਈ ॥੧॥***

*(ਅੰਗ ੬੨੯)*

ਗੁਰੂ ਸਾਹਿਬ ਜੀ ਦੇ ਵੱਡੇ ਭਰਾ ਰਾਮ ਰਾਇ ਜੀ ਨੇ ਔਰੰਗਜ਼ੇਬ ਨੂੰ ਸ਼ਿਕਾਇਤ ਕੀਤੀ ਕਿ ਗੱਦੀ 'ਤੇ ਮੇਰਾ ਹੱਕ ਬਣਦਾ ਸੀ, ਇਹ ਛੋਟੇ ਹਨ। ਔਰੰਗਜ਼ੇਬ ਰਾਜਾ ਜੈ ਸਿੰਘ ਦੀ ਡਿਊਟੀ ਲਗਾਉਂਦਾ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਸੁਨੇਹਾ ਭੇਜੋ, ਦਿੱਲੀ ਆਉਣ, ਸੰਗਤ ਵੀ ਦਰਸ਼ਨ ਕਰ ਲਏਗੀ, ਮੈਂ ਵੀਂ। ਰਾਜਾ ਜੈ ਸਿੰਘ ਆਪਣੇ ਵਜ਼ੀਰ ਨੂੰ ਭੇਜਦਾ ਹੈ, ਸਤਿਗੁਰੂ ਜੀ ਕੋਲ ਨਿਮਰਤਾ ਨਾਲ ਬੇਨਤੀ ਵਿੱਚ ਕਿ ਔਰੰਗਜ਼ੇਬ ਮਿਲਣਾ ਚਾਹੁੰਦਾ ਹੈ। ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸੁਨੇਹਾ ਭੇਜਦੇ ਹਨ ਕਿ ਦਿੱਲੀ ਆਵਾਂਗੇ ਪਰ ਔਰੰਗਜ਼ੇਬ ਦੇ ਮੱਥੇ ਨਹੀਂ ਲੱਗਾਂਗੇ। ਕਿਉਂਕਿ ਸੱਤਵੇਂ ਪਾਤਸ਼ਾਹ ਜੀ ਨੇ ਹੁਕਮ ਕੀਤਾ ਸੀ ਕਿ ਔਰੰਗਜ਼ੇਬ ਦੇ ਮੱਥੇ ਨਹੀਂ ਲੱਗਣਾ।

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥***

*(ਅੰਗ ੪੭੩)*

ਨਾਮ ਇੱਕ ਐਸੀ ਅਵਸਥਾ ਹੈ, ਬੇਪਰਵਾਹ ਕਰ ਦਿੰਦੀ ਹੈ। ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਮਹਾਰਾਜ, ਅਨੇਕ ਸੰਗਤਾਂ ਨੂੰ ਤਾਰਦੇ ਹੋਏ ਦਿੱਲੀ ਪਹੁੰਚੇ। ਔਰੰਗਜ਼ੇਬ ਰਾਜਾ ਜੈ ਸਿੰਘ ਨੂੰ ਕਹਿੰਦਾ ਹੈ ਕਿ ਮੇਰਾ ਮਨ ਨਹੀਂ ਮੰਨਦਾ ਕਿ ਸਾਢੇ ਸੱਤ ਸਾਲ ਦਾ ਬੱਚਾ ਗੁਰੂ ਹੋਵੇ। ਇੰਨੀ ਛੋਟੀ ਉਮਰ ਵਿੱਚ ਕੋਈ ਗੁਰੂ। ਮੇਰਾ ਮਨ ਨਹੀਂ ਮੰਨਦਾ। ਜਿੰਨੇ ਵੀ ਸਰੀਰ ਸੰਗਤ ਕਰਦੇ ਹਨ, ਇੱਕ ਗੱਲ ਦਿਮਾਗ ਵਿੱਚ ਰੱਖਿਓ, ਗੁਰਮਤਿ ਦਾ ਉਮਰ ਨਾਲ ਕੋਈ ਤਾਅਲੁੱਕ ਨਹੀਂ ਹੈ। ਤੁਹਾਡੇ ਮੁਹੱਲੇ ਵਿੱਚ, ਤੁਹਾਡੇ ਘਰ ਵਿੱਚ ਕਈ ਵਾਰ ਛੋਟਾ ਬੱਚਾ ਅਧਿਆਤਮਿਕ ਲਾਈਨ ਵਿੱਚ, ਗੁਰਮਤਿ ਦੀ ਲਾਈਨ ਵਿੱਚ ਤੁਹਾਡੇ ਤੋਂ ਵੀ ਅੱਗੇ ਹੋ ਸਕਦਾ ਹੈ। ਇਸ ਵਿੱਚ ਉਮਰ ਦਾ ਕੋਈ ਤਾਅਲੁੱਕ ਨਹੀਂ ਹੈ।




ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਵਿੱਚ ਇਹ ਇੱਕ ਅਨੋਖੀ ਗੱਲ ਹੈ, ਕਿਧਰੇ 72 ਸਾਲ ਦੇ ਧੰਨ ਸ੍ਰੀ ਗੁਰੂ ਅਮਰਦਾਸ ਜੀ ਗੁਰਗੱਦੀ ’ਤੇ ਬੈਠੇ ਰਹੇ ਹਨ ਤੇ ਕਿਧਰੇ 5 ਸਾਲ ਦੇ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤੇ ਵੀ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਕਿਰਪਾ ਹੋ ਰਹੀ ਹੈ। ਇਹ ਪੂਰਬਲੀ (ਪਿਛਲੀ) ਕਮਾਈ ਨਾਲ ਚੱਲੀ ਆ ਰਹੀ ਹੈ। ਕਈ ਵਾਰ ਅਸੀਂ ਕਹਿੰਦੇ ਹਾਂ, ਫਲਾਣਾ ਛੋਟਾ ਹੈ, ਇਸ ਨੇ ਕੀ ਕਰਨਾ ਹੈ। ਕੋਈ ਪਤਾ ਨਹੀਂ, ਉਸ ਦੀ ਉਮਰ ਛੋਟੀ ਹੈ ਪਰ ਉਸ ਦੀ ਪਿਛਲੀ ਕਮਾਈ ਤੁਰੀ ਆ ਰਹੀ ਹੈ। ਇਹ ਇੱਕ ਗਿਆਨ ਹੈ। ਤੈਨੂੰ ਵੱਡੇ ਹੋਣ ਦਾ ਮਾਣ ਨਾ ਆ ਜਾਏ, ਉਮਰ ਦਾ ਹੀ ਮਾਣ ਨਾ ਆ ਜਾਏ।

ਮੀਰ ਮਨੂੰ ਵੇਲੇ ਇੱਕ 10 ਸਾਲ ਦਾ ਬੱਚਾ ਤੇ ਉਸ ਦੀ ਮਾਂ ਨੂੰ ਕੈਦ ਕਰ ਲਿਆ। ਮਾਂ ਕਹਿੰਦੀ ਹੈ, ਮੇਰੇ ਬੱਚੇ ਨੂੰ ਛੱਡ ਦਿਓ। ਉਹ ਕਹਿਣ ਲੱਗੇ ਕਿ ਇਸਨੂੰ ਛੱਡਣਾ ਨਹੀਂ, ਇਹ ਸਿੱਖ ਹੈ। ਮਾਂ ਦੇ ਮੁੱਖ ਵਿੱਚੋਂ ਨਿਕਲਿਆ ਇਹ ਬੱਚਾ ਸਿੱਖ ਨਹੀਂ, ਛੱਡ ਦਿਓ। ਸਿਪਾਹੀ ਸੁਨੇਹਾ ਲੈ ਕੇ ਆਏ ਤੇ ਕਹਿੰਦੇ, ਬੱਚਿਆ, ਤੇਰੀ ਮਾਂ ਕਹਿੰਦੀ ਹੈ, ਤੂੰ ਸਿੱਖ ਨਹੀਂ। ਜੇ ਤੂੰ ਵੀ ਕਹਿ ਦੇਵੇਂ ਕਿ ਮੈਂ ਸਿੱਖ ਨਹੀਂ ਤਾਂ ਤੇਰੀ ਜਾਨ ਬਚ ਸਕਦੀ ਹੈ ਪਰ ਬੱਚੇ ਦੀ ਅਵਸਥਾ ਬਹੁਤ ਉੱਚੀ ਸੀ। ਹੈ ਬੱਚਾ ਸੀ, ਅਵਸਥਾ ਮਾਂ ਤੋਂ ਵੀ ਉੱਚੀ। ਕਹਿਣ ਲੱਗਾ, ਸਿਪਾਹੀਓ, ਜੇ ਮੈਂ ਕਹਿ ਦਿਆਂ ਕਿ ਮੈਂ ਸਿੱਖ ਨਹੀਂ, ਜਾਨ ਬਚ ਸਕਦੀ ਏ। ਹਾਂ, ਤੇਰੀ ਮਾਂ ਕਹਿੰਦੀ ਹੈ, ਮੇਰਾ ਬੱਚਾ ਸਿੱਖ ਨਹੀਂ। ਸਿਪਾਹੀ ਕਹਿੰਦਾ, ਤੂੰ ਵੀ ਕਹਿ ਦੇ ਮੈਂ ਸਿੱਖ ਨਹੀਂ। ਬੱਚੇ ਨੇ ਛਾਤੀ ’ਤੇ ਹੱਥ ਮਾਰ ਕੇ ਆਖਿਆ, ਮੈਂ ਸਿੱਖ ਹਾਂ, ਸਿੱਖ ਸਾਂ ਤੇ ਸਿੱਖ ਹੀ ਰਹਾਂਗਾ। ਅਗਲਾ ਜਨਮ ਮਿਲੇਗਾ ਤੇ ਫਿਰ ਕਹਾਂਗਾ, ਸਿੱਖੀ ਦੇ ਮਹਿਲਾਂ ਵਿੱਚ

ਜਨਮ ਮਿਲੇ। ਮੈਂ ਸਿੱਖ ਹੀ ਹਾਂ। ਐ ਸਿਪਾਹੀਓ, ਜਿਹੜੀ ਮਾਂ ਕਹਿ ਰਹੀ ਹੈ ਕਿ ਇਹ ਸਿੱਖ ਨਹੀਂ, ਦਰਅਸਲ ਫਿਰ ਉਹ ਮੇਰੀ ਮਾਂ ਹੀ ਨਹੀਂ ਹੈ। ਇਹ ਅਗਲੇ ਲਫਜ਼ ਬੱਚੇ ਦੇ ਸੀ। ਹੇ ਸਿਪਾਹੀਓ ਜਿੰਨਿਆਂ ਨੂੰ ਵੀ ਫੜਿਆ ਹੈ ਤੁਸੀਂ ਮਾਰਨ ਲਈ, ਇੱਕ ਗੱਲ ਦਾ ਧਿਆਨ ਰੱਖਿਓ ਜਦੋਂ ਮਾਰਨ ਲੱਗੋਗੇ, ਮੇਰਾ ਨੰਬਰ ਪਹਿਲੇ ਲਗਾਉਣਾ। ਇਹ ਅਵਸਥਾ ਹੈ :

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥੨੨॥***

***(ਅੰਗ ੧੩੬੫)***

ਬਾਬਾ ਈਸ਼ਰ ਸਿੰਘ ਜੀ ਕਲੇਰਾਂ ਵਾਲੇ ਮਹਾਂਪੁਰਸ਼ ਵੀ ਬਚਨ ਕਰਦੇ ਸੀ ਕਿ ਇਹ ਨਾ ਵੇਖ ਕਿ ਫਲਾਣਾ ਤੇਰੇ ਤੋਂ ਛੋਟਾ ਹੈ। ਕਹਿੰਦੇ ਸੀ ਗੁਣ ਵੇਖ। ਜੇ ਗੁਣਾਂ ਵਿੱਚ ਤੇਰੇ ਤੋਂ ਉੱਪਰ ਹੈ ਭਾਵੇਂ ਉਮਰ ਵਿੱਚ ਛੋਟਾ ਹੈ। ਉਸ ਨੂੰ ਉਪਦੇਸ਼ ਨਾ ਦੇਈਂ, ਉਸ ਕੋਲੋਂ ਕੁਝ ਲੈਣ ਦਾ ਯਤਨ ਕਰੀਂ। ਜੇ ਬਰਾਬਰ ਦੀ ਅਵਸਥਾ ਵਾਲਾ ਮਿਲੇ ਤੇ ਉਸ ਨਾਲ ਵਿਚਾਰ ਕਰੀਂ। ਕੋਈ ਆਪਣੇ ਤੋਂ ਛੋਟਾ ਮਿਲੇ ਤਾਂ ਉਸ ਨੂੰ ਗੁਣ ਦੇਈਂ। ਉਮਰ ਛੋਟੀ ਹੋਵੇ, ਗੁਣ ਜ਼ਿਆਦਾ ਹੋਣ, ਉੱਥੋਂ ਕੁਝ ਲੈ ਕੇ ਜਾਈਂ। ਇਹ ਗੁਰਮਤਿ ਵਿੱਚ ਉਮਰ ਦਾ ਤਾਅਲੁੱਕ ਨਹੀਂ ਹੈ।

ਤੁਸੀਂ ਅੱਜ ਕੱਲ੍ਹ ਦੇ ਬੱਚੇ ਨੂੰ ਇੱਕ ਚੂੰਢੀ ਵੱਢ ਦਿਓ। ਚੀਕਾਂ ਮਾਰੇਗਾ। ਪੁੱਛੋ, ਕਿਉਂ ਚੀਕ ਮਾਰੀ? ਦਰਦ ਹੋਈ ਸੀ ਪਰ ਉਹ ਕੌਣ ਸਨ, ਸੱਤ ਸਾਲ ਤੇ ਨੌਂ ਸਾਲ ਦੀ ਉਮਰ। ਨੀਹਾਂ ਵਿੱਚ ਚਿਣੇ ਜਾ ਰਹੇ ਹਨ। ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ, ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਜੀ। ਨੀਹਾਂ ਵਿੱਚ ਚਿਣੇ ਜਾ ਰਹੇ ਹਨ। ਜੇ ਅੱਜ ਕੱਲ੍ਹ ਦੇ ਬੱਚੇ ਨੂੰ ਚੂੰਢੀ ਵੱਢ ਦਿਓ ਤੇ ਕਹੇਗਾ ਕਿ ਦਰਦ ਹੋਈ ਹੈ ਪਰ ਉਹ ਵੀ ਅਵਸਥਾ ਹੈ? ਉਮਰ ਸੱਤ ਸਾਲ ਤੇ ਨੌਂ ਸਾਲ ਪਰ ਨੀਹਾਂ ਵਿੱਚ ਵੀ ਚਿਣੇ ਜਾਂਦੇ ਹੋਏ ਵੀ ਗੱਜ-ਗੱਜ ਕੇ ਬੋਲੇ ਸੋ ਨਿਹਾਲ ਦੇ ਜੈਕਾਰੇ ਲਗਾ ਰਹੇ ਹਨ।

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥੨੨॥***

***(ਅੰਗ ੧੩੬੫)***

ਇਹ ਅਵਸਥਾ ਹੈ। ਗੁਰਮਤਿ ਦੇ ਮਾਰਗ ਵਿੱਚ ਉਮਰ ਦਾ ਤਾਅਲੁੱਕ ਨਹੀਂ ਹੈ। ਇੱਕ ਵਾਰੀ ਦਾਸ ਲੰਗਰ ਛੱਕ ਰਿਹਾ ਸੀ ਤੇ ਇੱਕ 10 ਸਾਲ ਦੇ ਬੱਚੇ ਨੇ ਹੱਥ ਵਿੱਚ ਪ੍ਰਸ਼ਾਦਿਆਂ ਵਾਲੀ ਟੋਕਰੀ ਫੜੀ ਸੀ। ਇੱਕ ਪ੍ਰਸ਼ਾਦਾ ਆਪਣੇ ਹੱਥ ਵਿੱਚ ਫੜਦਾ ਸੀ ਤੇ ਜਿਹੜੀ ਪੰਗਤ ਲੱਗੀ ਹੋਈ ਸੀ ਪ੍ਰਸ਼ਾਦਾ ਛਕਣ ਵਾਲਿਆਂ ਦੀ ਉਸ ਵਿੱਚੋਂ ਲੰਘਦਾ ਹੋਇਆ ਅਵਾਜ਼ ਦਿੰਦਾ ਸੀ, ਪ੍ਰਸ਼ਾਦਾ ਵਾਹਿਗੁਰੂ ਜੀ, ਪ੍ਰਸ਼ਾਦਾ ਵਾਹਿਗੁਰੂ ਜੀ। ਉਸ ਦੇ ਤੁਰਨ ਵਿੱਚ, ਬੋਲਣ ਵਿੱਚ ਤੇ ਪ੍ਰਸ਼ਾਦਾ ਦੇਣ ਵਿੱਚ ਇੰਨਾ ਸਹਿਜ ਸੀ। ਦਾਸ ਦੋ ਮਿੰਟ ਲਈ ਲੰਗਰ ਛਕਣਾ ਭੁੱਲ ਗਿਆ। ਦਾਸ ਬੱਸ ਬੱਚੇ ਵੱਲ ਵੇਖੀ ਜਾਵੇ, ਦਾਸ ਦੇ ਸਾਥੀ ਕਹਿੰਦੇ ਕੀ ਵੇਖ ਰਹੇ ਹੋ ਬੱਚੇ ਵੱਲ। ਦਾਸ ਨੇ ਕਿਹਾ, ਇਹ ਬੱਚਾ ਪਿਛਲੇ ਜਨਮ ਵਿੱਚ ਸਹਿਜ ਦੀ ਪੌੜੀ ਚੜ੍ਹਿਆ ਹੋਇਆ ਹੈ। ਇਹ ਪੌੜੀਆਂ ਹਨ। ਸਾਡਾ ਪਿਤਾ ਬਹੁਤ ਪਿਆਰਾ ਹੈ :

***ਪਤਿਤ ਪਾਵਨੁ ਹਰਿ ਬਿਰਦੁ ਸਦਾਏ***
***ਇਕੁ ਤਿਲੁ ਨਹੀ ਭੰਨੈ ਘਾਲੇ ॥***

***(ਅੰਗ ੭੮੪)***

ਇੱਕ ਤਿਲ ਜਿੰਨੀ ਵੀ ਘਾਲਣਾ ਤੁਹਾਡੀ ਬਿਰਥਾ ਨਹੀਂ ਜਾਣ ਦਿੰਦੇ। ਜਿੰਨੇ ਤੁਸੀਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜਾਂਦੇ ਹੋ, ਗੁਰਦੁਆਰਾ ਸ਼ਹੀਦਾਂ ਸਾਹਿਬ ਜਾਂਦੇ ਹੋ, ਜੇ ਮੁਕਤੀ ਨਾ ਹੋਈ, ਜੇ ਪਾਰ ਉਤਾਰਾ ਨਾ ਹੋਇਆ, ਜਿੰਨੀਆਂ ਪੌੜੀਆਂ ਚੜ੍ਹੇ ਹੋਏ ਹੋ, ਇਹ ਅਗਲੇ ਜਨਮ ਵਿੱਚ ਤਿਆਰ

ਮਿਲਣਗੀਆਂ।

***ਪਤਿਤ ਪਾਵਨੁ ਹਰਿ ਬਿਰਦੁ ਸਦਾਏ***
***ਇਕੁ ਤਿਲੁ ਨਹੀ ਭੰਨੈ ਘਾਲੇ ॥***

*(ਅੰਗ ੭੮੪)*

ਇੱਕ ਤਿਲ ਜਿੰਨੀ ਵੀ ਘਾਲਣਾ ਬਿਰਥਾ ਨਹੀਂ ਜਾਣ ਦਿੰਦਾ। ਉਹ ਅਵਸਥਾ ਤਿਆਰ ਮਿਲਦੀਆਂ ਹਨ। ਘਾਲਣਾ ਬਿਰਥਾ ਨਹੀਂ ਜਾਣ ਦਿੰਦਾ। ਉਸ ਬੱਚੇ ਨੂੰ ਪ੍ਰਸ਼ਾਦਾ ਵਰਤਾਉਂਦਿਆਂ ਦੇਖ ਕੇ ਦਾਸ ਨੇ ਸੋਚਿਆ ਕਈ 40-40 ਸਾਲ ਦੇ ਬੰਦਿਆਂ ਵਿੱਚ ਪ੍ਰਸ਼ਾਦਾ ਵਰਤਾਉਣ ਵਾਲਿਆਂ ਵਿੱਚ ਇੰਨਾ ਸਹਿਜ ਨਹੀਂ ਹੁੰਦਾ। ਉੱਚਾ ਵੀ ਬੋਲ ਜਾਂਦੇ ਹਨ। ਕੌੜਾ ਵੀ ਬੋਲ ਜਾਂਦੇ ਹਨ। ਇਸ ਬੱਚੇ ਵਿੱਚ ਕਿੰਨਾ ਸਹਿਜ ਹੈ, ਜ਼ਰੂਰ ਇਹ ਪਿਛਲੇ ਜਨਮ ਵਿੱਚ ਸੰਤੋਖ ਦੀ, ਸਹਿਜ ਦੀ ਪੌੜੀ ਚੜ੍ਹਿਆ ਹੋਵੇਗਾ, ਜਿਹੜੀ ਇਸ ਜਨਮ ਵਿੱਚ, ਹਾਲੇ 10 ਸਾਲ ਦੀ ਉਮਰ ਹੈ ਪਰ ਇਸ ਜਨਮ ਵਿੱਚ ਇਹ ਅਵਸਥਾ ਦੀ ਪੌੜੀ ਬੱਚੇ ਨੂੰ ਤਿਆਰ ਮਿਲੀ ਹੈ।

ਉਹ ਸਮਾਂ ਯਾਦ ਕਰੋ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਬੈਠੇ ਸੀ, ਭਾਈ ਬਾਲਾ ਜੀ ਬੈਠੇ ਤੇ ਭਾਈ ਮਰਦਾਨਾ ਜੀ ਬੈਠੇ ਤੇ 12 ਸਾਲ ਦਾ ਬੱਚਾ ਸਾਦੇ ਜਿਹੇ ਕੱਪੜੇ ਵਿੱਚ ਦੋ ਪ੍ਰਸ਼ਾਦੇ ਲਿਆਇਆ ਹੈ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ, ਬੱਚਿਆ! ਕੀ ਲਿਆਇਆ ਹੈਂ? ਕਹਿੰਦਾ ਹੈ, ਤੁਸੀਂ ਮੇਰੇ ਘਰ ਦੇ ਕੋਲ ਆਏ ਹੋ। ਮੈਨੂੰ ਪਤਾ ਹੈ ਕਿ ਫ਼ਕੀਰ ਆਏ ਹਨ। ਮੇਰੀ ਮਾਂ ਨੇ ਗੁਣ ਦਿੱਤਾ ਹੋਇਆ ਹੈ ਕਿਸੇ ਫ਼ਕੀਰ ਦੇ ਘਰ ਖਾਲੀ ਹੱਥ ਨਹੀਂ ਜਾਣਾ। ਧਿਆਨ ਦੇਣਾ। ਖਾਲੀ ਹੱਥ ਨਹੀਂ ਜਾਣਾ। ਇਹ ਵੱਖਰਾ ਵਿਸ਼ਾ ਹੈ। ਗਰੀਬ ਨਿਵਾਜ! ਘਰ ਵਿੱਚ ਇੰਨੀ ਮਾਇਆ ਨਹੀਂ ਤੇ ਦੋ ਪ੍ਰਸ਼ਾਦੇ ਪਕਾ ਕੇ ਲਿਆਇਆ ਹਾਂ। ਅੱਧਾ ਪ੍ਰਸ਼ਾਦਾ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਛਕਿਆ, ਅੱਧਾ ਭਾਈ ਬਾਲਾ ਜੀ ਨੇ, ਅੱਧਾ ਭਾਈ ਮਰਦਾਨਾ ਜੀ ਨੇ ਤੇ ਅੱਧਾ ਬਾਲਕ ਨੂੰ ਦਿੱਤਾ ਤੇ ਅੱਧਾ ਪ੍ਰਸ਼ਾਦਾ ਆਪ ਛਕ ਕੇ ਕਹਿੰਦੇ ਹਨ, ਬੜਾ ਰਸ ਆਇਆ ਹੈ। ਪੇਟ ਦੀ ਤ੍ਰਿਪਤੀ ਹੋ ਗਈ ਹੈ। ਅੱਗੋਂ 12 ਸਾਲ ਦਾ ਬੱਚਾ ਕਹਿੰਦਾ ਹੈ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ! ਇਹ ਪ੍ਰਸ਼ਾਦਾ ਛਕਣ ਨਾਲ ਰਸਨਾ ਨੂੰ ਰਸ ਆਇਆ ਹੈ, ਪੇਟ ਦੀ ਤ੍ਰਿਪਤੀ ਹੋਈ ਹੈ। ਪਰ ਸੱਚੇ ਪਾਤਸ਼ਾਹ ਜੀ! ਇਹ ਮਨ ਕਿਵੇਂ ਤ੍ਰਿਪਤ ਹੋਵੇ ਤੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ, ਬੱਚਿਆ ਉਮਰ ਤਾਂ ਤੇਰੀ 12 ਸਾਲ ਹੈ, ਉਮਰ ਤਾਂ ਤੇਰੀ ਛੋਟੀ ਹੈ ਪਰ ਗੱਲਾਂ ਬੁੜ੍ਹਿਆਂ ਵਰਗੀਆਂ ਕਰਦਾ ਹੈ। ਉਹ ਬੱਚਾ ਕੌਣ ਹੈ ਜਿਨ੍ਹਾਂ ਕੋਲ ਦਰਗਾਹ ਦੀਆਂ ਕੁੰਜੀਆਂ ਹਨ। ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ। ਰੱਬ ਵੀ ਜਿਨ੍ਹਾਂ ਦੇ ਕਰਮਾਂ ਵਿੱਚ ਲਿਖਦਾ ਹੈ, ਬੇਔਲਾਦਾ ਰਹਿਣਾ ਹੈ। ਬਾਬਾ ਬੁੱਢਾ ਸਾਹਿਬ ਜੀ ਦੀ ਨਦਰਿ ਹੋ ਜਾਵੇ ਤੇ ਉਸ ਦੀਆਂ ਵੀ ਝੋਲੀਆਂ ਭਰ ਜਾਂਦੀਆਂ ਹਨ। ਬੇਔਲਾਦ ਵਾਲੇ ਔਲਾਦ ਵਾਲੇ ਬਣ ਜਾਂਦੇ ਹਨ।

***ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥੨॥***

*(ਅੰਗ ੮੯੩)*

ਉਮਰ ਤਾਂ 12 ਸਾਲ ਦੀ ਸੀ ਪਰ ਅਵਸਥਾ ਸੀ ਕਿ ਮਨ ਕਿਵੇਂ ਤ੍ਰਿਪਤ ਹੋਵੇ। ਆਪਾਂ ਸਾਰੇ ਸਰੀਰ ਦੇ ਸੁੱਖਾਂ ਨੂੰ ਮੰਗਦੇ ਹਾਂ, ਮਨ ਦੀ ਤ੍ਰਿਪਤੀ ਦਾ ਤਾਂ ਕੋਈ-ਕੋਈ ਗਾਹਕ ਹੈ। ਅਸਲੀ ਭੋਜਨ ਦਾ ਕੋਈ-ਕੋਈ ਗਾਹਕ ਹੈ।

***ਤ੍ਰਿਪਤਿ ਭਈ ਸਚੁ ਭੋਜਨੁ ਖਾਇਆ ॥***
***ਮਨਿ ਤਨਿ ਰਸਨਾ ਨਾਮੁ ਧਿਆਇਆ ॥੧॥***

*(ਅੰਗ ੬੮੪)*

ਇਹ ਵਾਜਾ ਬਾਬਾ ਜੀ ਨੇ ਫੜਾਇਆ ਹੈ। ਇਸ ਵਾਜੇ ਦੀ ਬਦੌਲਤ ਦਾਸ ਨਾਲ ਸੰਗਤ 'ਚੋਂ ਕਈ ਸਰੀਰ ਦੁਖ ਸੁਖ ਸਾਂਝੇ ਕਰਦੇ ਹਨ। 99 ਬੰਦੇ

ਦੁਖ ਸਾਂਝਾ ਕਰਨਗੇ, ਸਾਰਾ ਕੁਝ ਦੁਨਿਆਵੀ ਹੋਵੇਗਾ। ਸੌ ਵਿੱਚੋਂ ਇੱਕ ਅੱਧਾ ਹੀ ਆਏਗਾ ਜਿਹੜਾ ਦੂਜਾ ਦੁਖ ਸਾਂਝਾ ਕਰੇਗਾ, ਮੇਰਾ ਅੰਮ੍ਰਿਤ ਵੇਲਾ ਨਹੀਂ ਬਣਦਾ, ਰਸ ਨਹੀਂ ਆ ਰਿਹਾ। ਮਨ ਨਹੀਂ ਜੁੜਦਾ। ਮਨ ਦੀ ਤ੍ਰਿਪਤੀ ਦਾ ਗਾਹਕ। ਮੇਰੀ ਅਸਲੀ ਉਮਰ ਵੱਧ ਜਾਏ, ਉਸ ਦਾ ਗਾਹਕ ਕੋਈ ਕੋਈ ਹੈ।

ਇੱਕ ਮਹਾਂਪੁਰਸ਼ ਗਾਥਾ ਸੁਣਾਉਂਦੇ ਸੀ। ਇੱਕ ਮਹਾਤਮਾ ਆਏ ਤੇ ਘਰ ਦੀ ਨੂੰਹ ਬਾਹਰ ਸੀ। ਬੱਚੀਏ, ਪ੍ਰਸ਼ਾਦਾ। ਜੀ ਹੁਣੇ ਲਿਆਈ। ਮਹਾਤਮਾ ਨੇ ਪੁੱਛ ਲਿਆ, ਕਹਿੰਦੇ, ਮੈਂ ਦੁਨਿਆਵੀ ਗੱਲ ਨਹੀਂ, ਅਧਿਆਤਮਿਕ ਕਰ ਰਿਹਾ ਹਾਂ। ਤੇਰੀ ਸੱਸ ਦੀ ਕਿੰਨੀ ਉਮਰ ਹੈ। ਅੱਗੋਂ ਉਸ ਨੇ ਵੀ ਅਧਿਆਤਮਿਕ ਜਵਾਬ ਦਿੱਤਾ, ਕਹਿਣ ਲੱਗੀ, ਮੇਰੀ ਸੱਸ ਦੀ ਉਮਰ ਢਾਈ ਸਾਲ ਏ। ਅੰਦਰੋਂ ਸੱਸ ਨੇ ਸੁਣ ਲਿਆ ਤੇ ਗੁੱਸਾ ਚੜ੍ਹ ਗਿਆ। ਮਹਾਤਮਾ ਫਿਰ ਪੁੱਛਦੇ ਹਨ, ਧੀਏ, ਤੇਰੇ ਪਤੀ ਦੀ ਉਮਰ ਕਿੰਨੀ ਹੈ। ਕਹਿਣ ਲੱਗੀ, ਛੇ ਮਹੀਨੇ। ਮਹਾਤਮਾ ਫਿਰ ਪੁੱਛਦੇ ਹਨ, ਤੇਰੇ ਸਹੁਰੇ ਦੀ ਉਮਰ ਕਿੰਨੀ ਹੈ। ਕਹਿਣ ਲੱਗੀ, ਹਾਲੇ ਜਨਮ ਹੀ ਨਹੀਂ ਹੋਇਆ। ਮਹਾਤਮਾ ਕਹਿੰਦੇ, ਧੀਏ ਤੇਰੀ ਉਮਰ ਕਿੰਨੀ ਹੈ। ਕਹਿਣ ਲੱਗੀ, ਗਿਣਤੀ ਕੋਈ ਨਹੀਂ। ਮਹਾਤਮਾ ਜੀ ਕਹਿੰਦੇ ਹਨ, ਧੀਏ ਰੋਟੀ ਬਹੀ ਖਾਂਦੇ ਹੋ ਕਿ ਤਾਜ਼ੀ। ਕਹਿੰਦੀ ਇੱਕ ਦੋ ਸਰੀਰ ਹੀ ਤਾਜ਼ੀ ਖਾਂਦੇ ਨੇ, ਬਾਕੀ ਸਾਰੇ ਬਹੀ ਖਾ ਰਹੇ ਹਨ। ਮਹਾਤਮਾ ਜੀ ਦੇ ਜਾਣ ਦੀ ਦੇਰ ਸੀ, ਸਾਰੇ ਪਰਿਵਾਰ ਨੂੰ ਗੁੱਸਾ ਚੜ੍ਹਿਆ ਹੋਇਆ। ਸੱਸ ਕਹਿੰਦੀ, ਮੈਂ ਢਾਈ ਸਾਲ ਦੀ ਹਾਂ। ਪਤੀ ਕਹਿੰਦਾ ਹੈ ਕਿ ਮੈਂ ਛੇ ਮਹੀਨੇ ਦਾ ਹਾਂ। ਸਹੁਰਾ ਕਹਿੰਦਾ ਹੈ ਕਿ ਮੇਰਾ ਜਨਮ ਹੀ ਨਹੀਂ ਹੋਇਆ ਤੇ ਤੇਰੀ ਆਪਣੀ ਉਮਰ ਦੀ ਗਿਣਤੀ ਹੀ ਕੋਈ ਨਹੀਂ। ਸੱਸ ਨੂੰਹ ਨੂੰ ਕਹਿੰਦੀ ਰੋਜ਼ਾਨਾ ਤਿੰਨ ਵੇਲੇ ਤਾਜ਼ੀ ਰੋਟੀ ਪੱਕਦੀ ਏ ਤੇ ਤੂੰ ਕਹਿੰਦੀ ਹੈਂ ਇੱਕ-ਦੋ ਤਾਜ਼ੀ ਖਾਂਦੇ ਹਨ ਬਾਕੀ ਸਾਰੇ ਬਹੀ ਖਾ ਰਹੇ ਹਨ। ਅੱਗੋਂ ਨੂੰਹ ਨੇ ਹੱਥ ਜੋੜੇ ਤੇ ਕਹਿਣ ਲੱਗੀ, ਤੁਸੀਂ ਮਹਾਤਮਾ ਜੀ ਦੀ ਰਮਜ਼ ਨਹੀਂ ਸਮਝ ਸਕੇ। ਉਨ੍ਹਾਂ ਨੇ ਦੁਨਿਆਵੀ ਉਮਰ ਨਹੀਂ ਪੁੱਛੀ, ਅਧਿਆਤਮਿਕ ਉਮਰ ਪੁੱਛੀ ਸੀ। ਹੁਣ ਸੱਸ ਮਾਤਾ ਜੀ ਤੁਹਾਨੂੰ ਢਾਈ ਸਾਲ ਹੀ ਹੋਏ ਹਨ ਗੁਟਕਾ ਸਾਹਿਬ ਫੜਿਆ ਹੋਇਆ। ਅਸਲੀ ਉਮਰ ਉਹੋ ਹੀ ਹੈ। ਘਰਵਾਲੇ ਨੂੰ ਛੇ ਮਹੀਨੇ ਹੋਏ ਹਨ, ਜ਼ੋਰ ਲਗਾ-ਲਗਾ ਕੇ ਮਸਾਂ ਛੇ ਮਹੀਨੇ ਹੋਏ ਹਨ ਗੁਟਕਾ ਸਾਹਿਬ ਫੜਿਆਂ ਤੇ ਸਹੁਰਾ ਸਾਹਿਬ ਪ੍ਰਧਾਨਗੀ, ਨੰਬਰਦਾਰੀ, ਇਲਾਕੇ ਦੇ ਹੋਰ ਚੱਕਰਾਂ ਵਿੱਚ ਪਏ ਹਨ। ਅਜੇ ਤੱਕ ਵਾਹਿਗੁਰੂ ਜੀ ਦਾ ਨਾਮ ਯਾਦ ਹੀ ਨਹੀਂ ਆਇਆ। ਫਿਰ ਕਹਿਣ ਲੱਗੇ, ਧੀਏ ਫਿਰ ਤੂੰ ਇਹ ਕਿਉਂ ਕਿਹਾ, ਤੇਰੀ ਗਿਣਤੀ ਕੋਈ ਨਹੀਂ? ਧਿਆਨ ਦੇਣਾ। ਨੂੰਹ ਪਰਿਵਾਰ ਨੂੰ ਕਹਿੰਦੀ ਹੈ, ਉਮਰ ਸਰੀਰ ਦੀ ਹੈ। ਆਤਮਾ ਨਾ ਜੰਮਦੀ ਹੈ, ਨਾ ਮਰਦੀ ਹੈ। ਮੇਰੀ ਆਤਮਾ ਦੀ ਉਮਰ ਹੀ ਕੋਈ ਨਹੀਂ।

***ਕਉਨੁ ਮੂਆ ਰੇ ਕਉਨੁ ਮੂਆ ॥***
***ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ***
***ਇਹੁ ਤਉ ਚਲਤੁ ਭਇਆ ॥੧॥ ਰਹਾਉ ॥***

*(ਅੰਗ ੮੮੫)*

ਜਿੰਨੀਆਂ ਸੰਗਤਾਂ ਜਨਮ ਦਿਨ ਮਨਾਉਂਦੇ ਹੋ, ਖੁਸ਼ੀ ਜ਼ਰੂਰ ਹੁੰਦੀ ਹੈ ਪਰ ਇੱਕ ਧਿਆਨ ਰੱਖਿਆ ਕਰੋ, ਇੱਕ ਸਾਲ ਹੋਰ ਘੱਟ ਗਿਆ ਹੈ ਉਮਰ ਦਾ। ਇਹ ਕਿਉਂ ਕਿਹਾ ਹੈ, ਬਹੀ ਕਿ ਤਾਜ਼ੀ। ਅਸੀਂ ਬਹੀ ਖਾਂਦੇ ਹਾਂ? ਉਹ ਬੱਚੀ ਜਵਾਬ ਦਿੰਦੀ ਹੈ। ਮਹਾਤਮਾ ਜੀ ਨੇ ਰੋਟੀ ਨਹੀਂ ਪੁੱਛੀ, ਬਹੀ ਖਾ ਰਹੇ ਹੋ ਕਿ ਤਾਜ਼ੀ। ਐ ਮੇਰੀ ਸੱਸ ਮਾਤਾ, ਸਹੁਰਾ ਪਿਤਾ, ਉਸ ਮਹਾਤਮਾ ਜੀ ਨੇ ਪੁੱਛਿਆ ਕਿ ਪਿਛਲਾ ਬੀਜਿਆ ਖਾ ਰਹੇ ਹੋ ਕਿ ਨਵਾਂ ਵੀ ਬੀਜਦੇ ਪਏ ਹੋ ਤੇ ਮੈਂ ਕਿਹਾ ਕਿ ਇਕ ਦੋ ਸਰੀਰ ਹੀ ਨਵਾਂ ਬੀਜ ਰਹੇ ਹਨ ਪਰ

ਬਾਕੀ ਪਿਛਲਾ ਖਾ ਰਹੇ ਹਾਂ।

ਇੱਕ ਸਰੀਰ ਦਾਸ ਨੂੰ ਕਹਿੰਦਾ ਹੈ, ਫਲਾਣਾ ਬੰਦਾ ਨਾ ਸ੍ਰੀ ਹਰਿਮੰਦਰ ਸਾਹਿਬ ਜਾਂਦਾ ਹੈ, ਨਾ ਗੁ: ਸ਼ਹੀਦਾਂ ਸਾਹਿਬ ਜਾਂਦਾ ਹੈ। 8 ਵਜੇ ਸੁੱਤਾ ਉੱਠਦਾ ਹੈ। ਉਸ ਕੋਲ ਪੰਜਾਹ ਲੱਖ ਦੀ ਕੋਠੀ ਹੈ, ਕਾਰ ਵੀ ਹੈ ਪਰ ਅਸੀਂ ਦੋ ਟਾਈਮ ਨੰਗੇ ਪੈਰੀਂ ਗੁਰਦੁਆਰਾ ਸਾਹਿਬ ਜਾਂਦੇ ਹਾਂ ਤੇ ਸਾਡੇ ਕੋਲ ਦੋ ਲੱਖ ਦਾ ਮਕਾਨ ਵੀ ਨਹੀਂ। ਦਾਸ ਨੇ ਕਿਹਾ, ਉਹ ਪਿਛਲਾ ਬੀਜਿਆ ਖਾ ਰਿਹਾ ਹੈ। ਬਾਬਾ ਨੰਦ ਸਿੰਘ ਜੀ ਕਹਿੰਦੇ, ਨਵਾਂ ਬੀਜੀ ਜਾਵੇ, ਪਿਛਲਾ ਵੀ ਖਾਈ ਜਾਵੇ, ਫਿਰ ਮੁੱਕਦਾ ਨਹੀਂ। ਜੇ ਪਿਛਲਾ ਹੀ ਖਾਈ ਜਾਵੇ ਤੇ ਨਵਾਂ ਬੀਜੇ ਨਾ ਤੇ ਇੱਕ ਦਿਨ ਆ ਜਾਵੇਗਾ, ਬੈਲੇਂਸ ਨਿਲ (ਖਤਮ) ਹੋ ਜਾਵੇਗਾ। ਇਹ ਆਸਾ ਜੀ ਦੀ ਵਾਰ ਵਿੱਚ ਪੜ੍ਹਦੇ ਹੋ :

***ਇਕਿ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ ਕਾਈ ਕਾਰ ॥***

*(ਅੰਗ ੪੬੬)*

ਜਿਨ੍ਹਾਂ ਨੇ ਪਿਛਲਾ ਬੀਜਿਆ ਖਾ ਲਿਆ, ਨਵਾਂ ਬੀਜਿਆ ਨਹੀਂ, ਬੈਲੇਂਸ ਨਿਲ ਕਰ ਲਿਆ। ਸਤਿਗੁਰੂ ਜੀ ਆਖਦੇ ਹਨ, ਉਹ ਕੋਈ ਚੰਗਾ ਕੰਮ ਨਹੀਂ ਕਰਕੇ ਗਏ, ਉਹ ਤਾਂ ਘਾਟਾ ਪਾ ਕੇ ਚਲੇ ਗਏ। ਉਸ ਨੂੰਹ ਨੇ ਜਦੋਂ ਅਧਿਆਤਮਿਕ ਜਵਾਬ ਦਿੱਤੇ, ਸਾਰੇ ਪਰਿਵਾਰ ਦੇ ਕੰਨ ਖੁੱਲ੍ਹ ਗਏ, ਕਹਿੰਦੇ, ਇੱਕ ਛੋਟੀ ਜਿਹੀ ਉਮਰ ਵਿੱਚ ਇੰਨੀ ਕਿਰਪਾ। ਇਹ ਕਿੱਥੋਂ। ਕਹਿਣ ਲੱਗੀ ਕਿ ਇਹ ਸਾਰੀ ਕਿਰਪਾ ਸੰਗਤ ਕਰਨ ਨਾਲ ਹੋਈ ਹੈ। ਇਹ ਸੰਗਤ ਦਾ ਮਹਾਤਮ ਹੈ। ਮੇਰੇ ਮਾਪਿਆਂ ਨੇ ਮੈਨੂੰ ਬਚਪਨ ਤੋਂ ਹੀ ਸੰਗਤ ਨਾਲ ਜੋੜ ਦਿੱਤਾ ਹੈ।

***ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥***

*(ਅੰਗ ੧੦)*

ਸੰਗਤ ਕਰਨ ਦੀ ਬਹੁਤ ਲੋੜ ਹੈ। ਸੰਗਤ ਵਿੱਚ ਆ ਕੇ ਡਿੱਗੀਆਂ ਹੋਈਆਂ ਬੈਟਰੀਆਂ ਵੀ ਚਾਰਜ ਹੋ ਜਾਂਦੀਆਂ ਹਨ। ਸੰਗਤ ਵਿੱਚ ਆ ਕੇ ਮਨ ਪੁਣਿਆ ਜਾਂਦਾ ਹੈ। ਸੰਗਤ ਨਾ ਕਰਕੇ ਮਨ ਹੰਕਾਰੀ ਹੋ ਜਾਂਦਾ ਹੈ। ਗੁਰੂ ਕਿਰਪਾ ਕਰੇ, ਉੱਚੀ ਤੋਂ ਉੱਚੀ ਅਵਸਥਾ ’ਤੇ ਵੀ ਪਹੁੰਚ ਜਾਵੋ, ਸੰਗਤ ਨਾ ਛੱਡਿਓ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਵੱਲ ਵੇਖੀਏ। ਇਹੋ ਜਿਹੇ ਅਸਥਾਨ ਪ੍ਰਗਟ ਕਰ ਦਿੱਤੇ ਕਿ ਸਿੱਖ ਜਿਸ ਵੇਲੇ ਮਰਜ਼ੀ ਆਵੇ, ਇਸ ਨੂੰ ਕੀਰਤਨ ਦਾ ਭੋਜਨ, ਸੰਗਤ ਦਾ ਭੋਜਨ ਨਾਲ ਮਿਲੇ।

***ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥***

*(ਅੰਗ ੧੩੬੨)*

ਦਾਸ ਜ਼ਿਕਰ ਕਰ ਰਿਹਾ ਸੀ, ਸਾਰਾ ਪਰਿਵਾਰ ਨੂੰਹ ਦੇ ਚਰਨਾਂ ’ਤੇ ਡਿੱਗ ਪਿਆ। ਉਮਰ ਤੇਰੀ ਛੋਟੀ ਹੈ ਪਰ ਅਵਸਥਾ ਤੇਰੀ ਉੱਚੀ ਹੈ। ਤੂੰ ਅਸਲੀ ਉਮਰ ਪਛਾਣ ਲਈ। ਅਸੀਂ ਭੁੱਲੇ ਰਹੇ। ਗੁਰਮਤਿ ਵਿੱਚ ਉਮਰ ਦਾ ਤਾਅਲੁੱਕ ਨਹੀਂ। ਕਈ ਵਾਰ ਉਮਰ ਵਿੱਚ ਛੋਟਾ ਵੀ ਗੁਰਮਤਿ ਦੇ ਮਾਰਗ ਵਿੱਚ ਤੁਹਾਡੇ ਤੋਂ ਅੱਗੇ ਹੋ ਸਕਦਾ ਹੈ। ਔਰੰਗਜ਼ੇਬ ਰਾਜਾ ਜੈ ਸਿੰਘ ਨੂੰ ਕਹਿੰਦਾ ਹੈ, ਇੰਨੀ ਛੋਟੀ ਉਮਰ ਵਿੱਚ ਕੋਈ ਗੁਰੂ ਬਣੇ ਤੇ ਔਰੰਗਜ਼ੇਬ ਰਾਜਾ ਜੈ ਸਿੰਘ ਨੂੰ ਕਹਿੰਦਾ ਹੈ ਕਿ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਇਮਤਿਹਾਨ ਲੈ। ਧਿਆਨ ਦੇਣਾ। ਮੱਥਾ ਭਾਰਾ ਹੋ ਗਿਆ। ਬੰਦਾ ਸੋਚ ਵਿੱਚ ਡੁੱਬਾ ਹੋਵੇ ਤੇ ਕਈ ਵਾਰ ਚਿਹਰੇ ਦੇ ਐਕਸਪ੍ਰੈਸ਼ਨ ਦੱਸ ਦਿੰਦੇ ਹਨ ਕਿ ਬੰਦਾ ਖੁਸ਼ੀ ਵਿੱਚ ਹੈ ਜਾਂ ਗਮੀ ਵਿੱਚ ਹੈ। ਚਿਹਰੇ ਦੇ ਹਾਵ ਭਾਵ। ਇਹ ਰਾਜਾ ਜੈ ਸਿੰਘ ਚਿੰਤਾ ਵਿੱਚ ਡੁੱਬਾ ਹੈ, ਇਹ ਮੇਰੀ ਕੀ ਡਿਊਟੀ ਲਗਾ ਦਿੱਤੀ ਕਿ ਇਮਤਿਹਾਨ ਲੈ, ਚੈੱਕ ਕਰ। ਬੜੀ ਚਿੰਤਾ ਵਿੱਚ ਡੁੱਬਾ ਤੇ ਇਸ ਦੀ ਪਤਨੀ, ਰਾਣੀ, ਕਹਿੰਦੀ ਹੈ, ਕੀ ਗੱਲ ਚਿੰਤਾ ਵਿੱਚ ਹੋ? ਕਹਿਣ ਲੱਗਾ, ਚਿੰਤਾ ਨਾ ਕਰਾਂ ਤੇ ਕੀ ਕਰਾਂ। ਔਰੰਗਜ਼ੇਬ ਨੇ ਮੇਰੀ ਡਿਊਟੀ

ਲਗਾ ਦਿੱਤੀ ਕਿ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਚੈੱਕ ਕਰੋ। ਇਮਤਿਹਾਨ ਲੈ। ਗੁਰੂ ਹਨ ਜਾਂ ਨਹੀਂ। ਮੈਂ ਕਿਵੇਂ ਚੈੱਕ ਕਰਾਂ। ਚਿੰਤਾ ਵਿੱਚ ਪਿਆ ਹਾਂ। ਕਹਿੰਦੇ ਹਨ, ਰਾਜਾ ਜੈ ਸਿੰਘ ਦੀ ਰਾਣੀ ਗਿਆਨਵਾਨ ਸੀ। ਕਹਿੰਦੀ, ਇਹ ਕਿਹੜੀ ਵੱਡੀ ਗੱਲ ਹੈ? ਤੁਹਾਨੂੰ ਚਿੰਤਾ ਕਰਨ ਦੀ ਲੋੜ ਨਹੀਂ। ਇਹ ਮੇਰੇ 'ਤੇ ਛੱਡ ਦਿਓ। ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਘਰ ਪ੍ਰਸ਼ਾਦੇ ਤੇ ਸੱਦੋ। ਜਿੰਨੀਆਂ ਗੋਲੀਆਂ (ਦਾਸੀਆਂ) ਹਨ, ਇਨ੍ਹਾਂ ਨੂੰ ਰਾਣੀਆਂ ਵਾਲੇ ਕੱਪੜੇ ਪੁਆ ਦਿਆਂਗੀ ਤੇ ਮੈਂ ਗੋਲੀਆਂ (ਦਾਸੀਆਂ) ਵਾਲੇ ਕੱਪੜੇ ਪਾ ਲਵਾਂਗੀ। ਕੁਝ ਗੋਲੀਆਂ ਨੂੰ ਗੋਲੀਆਂ ਵਾਲੇ ਕੱਪੜੇ ਰਹਿਣ ਦਿਆਂਗੀ। ਜੇ ਸੱਚੇ ਹੋਣਗੇ ਤੇ ਪਛਾਣ ਲੈਣਗੇ ਕਿ ਮੈਂ ਰਾਣੀ ਹਾਂ ਤਾਂ ਸੱਚੇ ਹਨ ਤੇ ਜੇ ਨਹੀਂ ਪਛਾਨਣਗੇ ਫਿਰ ਸਮਝ ਲਵਾਂਗੇ, ਗੁਰੂ ਵਾਲੀ ਗੱਲ ਨਹੀਂ ਹੈ। ਧਿਆਨ ਦੇਣਾ। ਪ੍ਰਸ਼ਾਦੇ ਤੇ ਸੱਦਿਆ ਕਿਸ ਰੂਪ ਵਿੱਚ। ਅੱਜ ਗੁਰੂ ਦਾ ਇਮਤਿਹਾਨ ਲੈਣਾ ਹੈ, ਜਿੰਨੀ ਸੰਗਤ ਸਤਿਸੰਗ ਨਾਲ ਜੁੜੀ ਹੈ, ਹੱਥ ਜੋੜ ਕੇ ਬੇਨਤੀ ਹੈ ਕਿ ਕਦੀ ਵੀ ਗੁਰੂ ਸਾਹਿਬ ਦਾ ਇਮਤਿਹਾਨ ਨਾ ਲੈਣਾ। ਇੱਕ ਵਾਰੀ ਭਾਵੇਂ ਪਰਖ ਕਰ ਲਓ। ਬੇਸ਼ੱਕ, ਕੋਈ ਡਰ ਨਹੀਂ, ਜਦੋਂ ਗੁਰੂ ਧਾਰਨ ਕਰਨਾ ਹੋਵੇ। ਜਦੋਂ ਤੱਕ ਗੁਰੂ ਸਾਹਿਬ ਨੂੰ ਮਨ ਨਹੀਂ ਵੇਚਿਆ ਪਰਖ ਕਰ ਸਕਦੇ ਹੋ ਕੋਈ ਗੱਲ ਨਹੀਂ।

ਬਾਬਾ ਜੀ ਕਹਿੰਦੇ, ਬਾਜ਼ਾਰ ਵਿੱਚੋਂ ਦੋ ਰੁਪਏ ਦਾ ਘੜਾ ਵੀ ਖਰੀਦਣਾ ਹੋਵੇ ਤਾਂ ਖੜਕਾ ਕੇ ਲਈਦਾ ਹੈ। ਵਗਦਾ ਤਾਂ ਨਹੀਂ, ਕਰੈਕ ਤਾਂ ਨਹੀਂ। ਗੁਰੂ ਧਾਰਨ ਕਰਨਾ ਹੈ, ਧਾਰਨ ਕਰਨ ਤੋਂ ਪਹਿਲਾਂ ਭਾਵੇਂ ਇੱਕ ਵਾਰੀ ਪਰਖ ਲਵੋ ਜੇਕਰ ਗੁਰੂ ਵਾਲਾ ਬਣਨਾ ਹੈ, ਪਰ ਜਦੋਂ ਗੁਰੂ ਅੱਗੇ ਮਨ ਵੇਚ ਦਿੱਤਾ ਗੁਰੂ ਦਾ ਬਣ ਗਏ ਤੇ ਫਿਰ ਕਦੇ ਗੁਰੂ ਦਾ ਇਮਤਿਹਾਨ ਨਾ ਲੈਣਾ। ਫਿਰ ਆਪਣੇ ਆਪ ਨੂੰ ਵੇਚ ਦੇ। ਜੇ ਕੋਈ ਗੁਰੂ ਵਾਲਾ ਬਣ ਕੇ ਫਿਰ ਗੁਰੂ ਦਾ ਇਮਤਿਹਾਨ ਲੈਂਦਾ ਹੈ, ਉਸ ਵਰਗਾ ਫਿਰ ਨੀਚ ਕੋਈ ਨਹੀਂ।

ਤੁਸੀਂ ਨਾਂ ਸੁਣਿਆ ਹੋਵੇਗਾ, ਭਾਈ ਨੰਦ ਲਾਲ ਜੀ ਬੜੇ ਪੜ੍ਹੇ ਲਿਖੇ ਸੀ। ਛੇ ਬੋਲੀਆਂ ਦੇ ਜਾਣੂ ਸੀ। ਜਦੋਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਪਹਿਲੀ ਵਾਰ ਆਏ ਮਨ ਵਿੱਚ ਇਹੋ ਕਿ ਚਲਿਆ ਤਾਂ ਹਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸ਼ਰਨ ਵਿੱਚ ਪਰ ਕੀ ਪਤਾ ਪੂਰੇ ਹਨ ਜਾਂ ਨਹੀਂ। ਇਸ ਲਈ ਭਾਈ ਨੰਦ ਲਾਲ ਜੀ ਨੇ ਇਮਤਿਹਾਨ ਲਿਆ ਸੀ। ਸ੍ਰੀ ਅਨੰਦਪੁਰ ਸਾਹਿਬ ਤੋਂ ਮੀਲ ਦੋ ਮੀਲ ਉਰੇ ਹੀ ਆਪਣਾ ਸਾਰਾ ਪ੍ਰਬੰਧ ਕਰਕੇ ਬੈਠ ਗਏ ਤੇ ਮਨ ਵਿੱਚ ਧਾਰ ਲਿਆ ਜੇ ਪੂਰੇ ਹੋਣਗੇ ਤਾਂ ਆਪੇ ਆਵਾਜ਼ ਦੇ ਕੇ ਬੁਲਾਉਣਗੇ। 7 ਦਿਨ ਬੈਠੇ ਰਹੇ। ਸੱਤਵੇਂ ਦਿਨ ਦਸਵੇਂ ਪਿਤਾ ਜੀ ਨੇ ਸਿੱਖ ਨੂੰ ਭੇਜਿਆ ਤੇ ਕਿਹਾ ਕਿ ਭਾਈ ਨੰਦ ਲਾਲ ਜੀ ਦਾ ਨਾਂ ਲੈ ਕੇ ਬੁਲਾਉਣਾ ਹੈ ਤੇ ਕਹਿਣਾ ਹੈ ਕਿ ਅਸੀਂ ਬੁਲਾਇਆ ਹੈ। ਜਦੋਂ ਸਿੱਖ ਨੇ ਕਿਹਾ ਕਿ ਤੇਰਾ ਨਾਂ ਨੰਦ ਲਾਲ ਹੈ ਤਾਂ ਹੱਕੇ ਬੱਕੇ ਰਹਿ ਗਏ। ਉਸ ਸਮੇਂ ਪ੍ਰੀਖਿਆ ਲਈ ਪਰ ਜਦੋਂ ਗੁਰੂ ਸਾਹਿਬ ਦੇ ਬਣ ਗਏ ਤੇ ਗੁਰੂ ਸਾਹਿਬ ਨੇ ਕਿਹਾ ਕਿ ਸੰਗਤ ਦੇ ਜੂਠੇ ਭਾਂਡੇ ਮਾਂਜਣੇ ਹਨ ਤੇ ਉਹ ਵੀ ਪਰਹੇਜ਼ ਨਹੀਂ ਕੀਤਾ। ਸ਼ੁਕਰ ਹੈ, ਮੇਰੇ ਹੱਥਾਂ ਨੂੰ ਸੇਵਾ ਮਿਲੀ ਹੈ। ਗੁਰੂ ਧਾਰਨ ਕਰਨ ਤੋਂ ਪਹਿਲਾਂ ਜੋ ਮਰਜ਼ੀ ਪਰਖ ਕਰ ਪਰ ਗੁਰੂ ਦੇ ਧਾਰਨ ਕਰਨ ਤੋਂ ਬਾਅਦ:

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ***
***ਹੁਕਮਿ ਮੰਨਿਐ ਪਾਈਐ ॥***

*(ਅੰਗ ੯੧੮)*

ਗੁਰੂ ਪਿਆਰਿਓ, ਇਹ ਆਪਣੀ ਜ਼ਿੰਦਗੀ ਵਿੱਚ ਕਦੀ ਵੀ ਨਾ ਲਿਆਉਣਾ। ਆਮ ਅਸੀਂ

ਕਹਿ ਦਿੰਦੇ ਹਾਂ ਕਿ ਜੇ ਮੇਰੀ ਇਹ ਗੱਲ ਪੂਰੀ ਹੋਈ ਤੇ ਫਿਰ ਤੁਸੀਂ ਪੂਰੇ। ਨਹੀਂ ਤਾਂ ਨਹੀਂ। ਗੁਰਮਤਿ ਵਿੱਚ ਆਪਾ ਸੌਂਪਣਾ ਹੈ। ਧਿਆਨ ਦੇਣਾ ਜੀ। ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਬੰਗਲੇ ਵਿੱਚ ਆ ਗਏ। ਰਾਜਾ ਜੈ ਸਿੰਘ ਦੀ ਰਾਣੀ ਨੇ ਗੋਲੀਆਂ ਵਾਲੇ ਕੱਪੜੇ ਪਾ ਲਏ। ਕੁਝ ਗੋਲੀਆਂ ਨੂੰ ਰਾਣੀਆਂ ਵਾਲੇ ਕੱਪੜੇ ਪੁਆ ਦਿੱਤੇ। ਇਮਤਿਹਾਨ ਲੈ ਰਹੇ ਹਨ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਕਿ ਪੂਰੇ ਹਨ ਜਾਂ ਨਹੀਂ। ਦੁਨਿਆਵੀਂ ਉਮਰ ਛੋਟੀ ਹੈ। ਗੁਰੂ ਪਿਆਰਿਓ, ਧਿਆਨ ਦੇਣਾ। ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਹੱਥ ਵਿੱਚ ਸੋਟੀ ਹੁੰਦੀ ਸੀ। ਉਹ ਸੋਟੀ ਲਗਾ ਕੇ ਅੰਦਰ ਵੜਦਿਆਂ ਹੀ ਕਹਿੰਦੇ, ਇਹ ਵੀ ਰਾਣੀ ਨਹੀਂ, ਇਹ ਵੀ ਰਾਣੀ ਨਹੀਂ, ਇਹ ਵੀ ਰਾਣੀ ਨਹੀਂ ਤੇ ਜਿਹੜੀ ਰਾਣੀ ਨੇ ਗੋਲੀਆਂ ਵਾਲੇ ਕੱਪੜੇ ਪਾਏ ਸੀ, ਉਸ ਦੇ ਸਿਰ ’ਤੇ ਸੋਟੀ ਰੱਖ ਕੇ ਉਸ ਦੀ ਗੋਦੀ ਵਿੱਚ ਬੈਠ ਗਏ ਤੇ ਗੋਦ ਵਿੱਚ ਬੈਠ ਕੇ ਕਹਿੰਦੇ, ਇਹ ਰਾਣੀ ਹੈ ਤੇ ਗੋਦ ਵਿੱਚ ਬੈਠ ਕੇ ਕਹਿੰਦੇ, ਮਾਤਾ, ਗੁਰੂ ਦਾ ਇਮਤਿਹਾਨ ਨਹੀਂ ਲਈਦਾ।

ਇਹ ਉਹ ਬੰਗਲਾ ਹੈ। ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਕਹਿੰਦਾ ਹੈ, ਬੰਗਲਾ ਸਾਹਿਬ ਦੇ ਗੇਟ ’ਤੇ ਅੱਜ ਵੀ ਕੋਈ ਖਲੋ ਜਾਵੇ, ਰੋਜ਼ ਦੀਆਂ ਕਈ ਕਿਤਾਬਾਂ ਲਿਖੀਆਂ ਜਾਣਗੀਆਂ ਕਿ ਅੱਜ ਵੀ ਤਨ, ਮਨ ਦੇ ਰੋਗ ਰਾਜ਼ੀ ਹੋ ਰਹੇ ਹਨ। ਇੱਥੇ ਵੀ ਮਾਣ ਕਰਿਆ ਕਰੋ। ਸਿੱਖੀ ਵਿੱਚ ਸਪਿਰਿਟ ਦੀ ਲੋੜ ਹੈ। ਫਿਰ ਕੋਈ ਨਹੀਂ ਕਹੇਗਾ ਕਿ ਮੈਂ ਅੰਮ੍ਰਿਤ ਨਹੀਂ ਛੱਕਣਾ। ਸਪਿਰਿਟ ਜਿਸ ਦਿਨ ਆ ਗਈ, ਇਹ ਮਾਣ ਕਰੋ। ਤੁਹਾਡੇ ਹੱਥਾਂ ਸਾਹਮਣੇ ਨਕਸ਼ਾ ਹੈ। ਇਹ ਪ੍ਰਤੱਖ ਨਕਸ਼ਾ ਹੈ। ਇਸ ਨੂੰ ਗਿਆਨੀ ਸੰਤ ਸਿੰਘ ਜੀ ਮਸਕੀਨ ਲਿਖਦੇ ਹਨ ਕਿ ਇੱਕ ਦਿਨ ਮੈਂ ਔਰੰਗਾਬਾਦ ਗਿਆ ਤੇ ਜਰਨਲ ਨਾਲੇਜ ਲਈ ਔਰੰਗਾਬਾਦ ਵਿੱਚ ਔਰੰਗਜ਼ੇਬ ਦੀ ਕਬਰ ਤੇ ਚਲਾ ਗਿਆ। ਜਰਨਲ ਨਾਲੇਜ ਲਈ ਸੋਚਿਆ ਕਿ ਵੇਖ ਕੇ ਆਵਾਂ। ਜਦੋਂ ਉਸ ਦੀ ਕਬਰ ਵੇਖਣ ਗਿਆ ਤੇ ਪੰਜ ਸੱਤ ਮਿੰਟ ਕਬਰ ਵੇਖੀ। ਤੁਰਨ ਲੱਗਿਆਂ, ਉੱਥੋਂ ਦਾ ਮਜ਼ੌਰ ਮੇਰੇ ਅੱਗੇ ਠੂਠਾ ਲੈ ਕੇ ਆ ਗਿਆ ਕਿ ਕੁਝ ਪੈਸੇ ਮੇਰੇ ਠੂਠੇ ਵਿੱਚ ਪਾ ਦਿਓ। ਗਿਆਨੀ ਸੰਤ ਸਿੰਘ ਜੀ ਮਸਕੀਨ ਨੇ ਲਿਖਿਆ ਹੈ ਕਹਿੰਦੇ, ਉਸ ਮਜ਼ੌਰ ਨੂੰ ਮੈਂ ਪੁੱਛਿਆ ਤੂੰ ਕੀ ਕਰਨੇ ਹਨ ਪੈਸੇ ਤੇ ਉਹ ਕਹਿੰਦਾ ਹੈ, ਔਰੰਗਜ਼ੇਬ ਦੀ ਕਬਰ ’ਤੇ ਦੀਵਾ ਬਾਲਣਾ ਹੁੰਦਾ ਹੈ। ਮੈਨੂੰ ਪੈਸੇ ਚਾਹੀਦੇ ਹਨ। ਮਸਕੀਨ ਜੀ ਕਹਿੰਦੇ ਮੇਰੀਆਂ ਅੱਖਾਂ ਵਿੱਚ ਅੱਥਰੂ ਆ ਗਏ। ਸੱਚ ਝੂਠ ਅੱਜ ਵੀ ਸਾਹਮਣੇ ਹਨ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ, ਸੱਚੇ ਪਾਤਸ਼ਾਹ, ਆਪ ਜੀ ਨੂੰ ਜਿਸ ਨੇ ਸ਼ਹੀਦ ਕੀਤਾ, ਉਸ ਦੇ ਸਥਾਨ ’ਤੇ ਦੀਵਾ ਬਾਲਣ ਲਈ ਪੈਸੇ ਨਹੀਂ ਪਰ ਅੱਜ ਆਪ ਜੀ ਦੇ ਸ਼ਹੀਦੀ ਅਸਥਾਨ ਗੁ: ਸੀਸ ਗੰਜ ਸਾਹਿਬ, ਚਾਂਦਨੀ ਚੌਂਕ, ਦਿੱਲੀ ਜਿੱਥੇ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਸ਼ਹੀਦ ਕੀਤਾ ਸੀ, ਉਸ ਅਸਥਾਨ ਦੇ ਉੱਤੇ ਲੱਖਾਂ ਲੋਕ, ਲੱਖਾਂ ਰੁਪਿਆ ਚੜ੍ਹਾਉਂਦੇ ਹਨ, ਹਰ ਕੋਈ ਕਹਿੰਦਾ ਹੈ, ਮੇਰੀ ਹਾਜ਼ਰੀ ਲੱਗ ਜਾਵੇ। ਲੋਕ ਤਰਸਦੇ ਹਨ। ਪਿਆਰਿਓ, ਵੇਖ ਲਓ, ਉਹ ਬੰਗਲਾ, ਰਾਜਾ ਜੈ ਸਿੰਘ ਦਾ, ਅੱਜ ਉਸ ਬੰਗਲੇ ਨੂੰ ਕਿਸੇ ਨੇ ਤੱਕਣਾ ਸੀ। ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤੁਹਾਡੇ ਚਰਨ ਬੰਗਲੇ ਵਿੱਚ ਪੈ ਗਏ ਤੇ ਉਹ ਬੰਗਲਾ ਕੀ ਬਣ ਗਿਆ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ:

***ਸਾ ਧਰਤੀ ਭਈ ਹਰੀਆਵਲੀ***
***ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥***

***(ਅੰਗ ੩੧੦)***

ਇਹ ਅੰਦਰ ਸਪਿਰਿਟ ਭਰੋ। ਕਿੰਨੇ ਸਾਲ ਬੀਤ ਗਏ। ਅੱਜ ਵੀ ਵੇਖ ਲਓ ਸੱਚ-ਸੱਚ ਹੀ ਹੈ। ਧੰਨ

ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ, ਤੁਹਾਡੇ ਦਰ 'ਤੇ ਦੁੱਧ ਨਾਲ ਇਸ਼ਨਾਨ ਦੀ ਸੇਵਾ ਹੋ ਰਹੀ ਹੈ। ਤੁਹਾਡੇ ਦਰ 'ਤੇ ਸਤਿਗੁਰੂ ਜੀ ਕੋਈ ਬਾਰ੍ਹਾਂ ਵਜੇ ਜਾ ਰਿਹਾ ਹੈ, ਕੋਈ ਇੱਕ ਵਜੇ, ਕੋਈ ਤਿੰਨ ਵਜੇ ਜਾ ਰਿਹਾ ਹੈ। ਮੇਰੀ ਫਲਾਣੀ ਸੇਵਾ ਹੈ, ਮੇਰੀ ਫਲਾਣੀ ਸੇਵਾ ਹੈ। ਚਲ ਸੋ ਚਲ। ਇੱਕ ਇਹ ਜਗ੍ਹਾ, ਲੱਖਾਂ ਰੁਪਏ, ਸੋਨੇ ਦੀਆਂ ਵਸਤੂਆਂ ਭੇਟਾ ਵਜੋਂ ਸੰਗਤ ਮੱਥਾ ਟੇਕ ਰਹੀ ਹੈ ਪਰ ਇੱਕ ਉਹ ਕਬਰ ਹੈ ਜਿੱਥੇ ਦੀਵਾ ਬਾਲਣ ਲਈ ਪੈਸੇ ਮੰਗਣੇ ਪੈਂਦੇ ਹਨ। ਇਹ ਤੁਹਾਨੂੰ ਮਾਣ ਨਹੀਂ, ਸੱਚ ਨਾਲ ਜੁੜੇ ਹੋ। ਜਿੱਥੇ ਚਰਨ ਪਏ ਗੁਰੂ ਸਾਹਿਬ ਦੇ ਉੱਥੇ ਅੱਜ ਵੀ ਸ਼ਹੀਦ ਸਿੰਘਾਂ ਦਾ ਪਹਿਰਾ ਹੈ, ਪ੍ਰਤੱਖ ਝੋਲੀਆਂ ਭਰੀਆਂ ਜਾ ਰਹੀਆਂ ਹਨ। ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਮਹਾਰਾਜ, ਉਹ ਬੰਗਲਾ, ਬੰਗਲਾ ਰਹਿਣਾ ਸੀ। ਸਮੇਂ ਨਾਲ ਥੇਹ ਬਣ ਜਾਣੀ ਸੀ ਪਰ ਅੱਜ ਉਹ ਜਗ੍ਹਾ ਪੂਜਣਯੋਗ ਬਣ ਗਈ  ਆਪ ਜੀ ਦੇ ਚਰਨ ਪੈਣ ਨਾਲ। ਰਾਣੀ ਦੀ ਗੋਦ ਵਿੱਚ ਬੈਠ ਕੇ ਕਹਿੰਦੇ, ਇਹ ਰਾਣੀ ਹੈ ਤੇ ਕਿਹਾ ਮਾਤਾ, ਇਮਤਿਹਾਨ ਨਹੀਂ ਲਈਦੇ। ਰਾਜਾ ਜੈ ਸਿੰਘ ਤੇ ਸਾਰਿਆਂ ਦਾ ਸੀਸ ਝੁੱਕ ਗਿਆ। ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤੁਸੀਂ ਪੂਰੇ ਹੋ, ਉਮਰ ਦਾ ਤਾਅਲੁੱਕ ਨਹੀਂ। ਆਓ ਜੀ ਪੜ੍ਹੋ ਫਿਰ ਸਮਾਪਤੀ ਹੈ:

***ਗੁਰ ਪੂਰੇ ਕੀ ਵਡਿਆਈ॥***

*(ਅੰਗ ੬੨੯)*

## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਚੰਦਾ ਭੇਜ ਸਕਦੇ ਹੋ।

1) Google Pay No. ਅਤੇ Paytm No. 9876525850
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026
ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਕ, ਅੰਮ੍ਰਿਤਸਰ।

**ਸਿਫਤਿ ਸਾਲਾਹ**
**ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ।**



Dhan Dhan Mata Kaulan Ji Sifit Salah
Harwinder Singh
Paytm UPI
9876525850@paytm

ਚੰਦਾ ਭੇਜਣ ਲਈ ਸਕੈਨ ਕਰੋ ਜੀ

### VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ

2) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਇੱਕ ਸਾਲ ਦਾ ਚੰਦਾ 184/- ਰੁਪਏ, ਦੋ ਸਾਲ ਦਾ ਚੰਦਾ 340/- ਰੁਪਏ, ਪੰਜ ਸਾਲ ਦਾ ਚੰਦਾ 650/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

| ਚੰਦਾ (ਦੇਸ਼) | |
|---|---|
| ਇੱਕ ਸਾਲ | 150+34=184/- |
| ਦੋ ਸਾਲ | 300+40=340/- |
| ਪੰਜ ਸਾਲ | 600+50=650/- |
| ਲਾਈਫ | 2400+90=2490/- |

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

*—ਭਾਈ ਪਾਲ ਸਿੰਘ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

***ਨੌਵੇਂ ਪਾਤਸ਼ਾਹ ਜੀ ਦਾ ਸੈਂਤੀਵਾਂ ਸਲੋਕ :***

***ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ ॥***
***ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ ॥੩੭॥***

*(ਅੰਗ ੧੪੨੮)*

ਮਨ ਮਾਇਆ ਵਿੱਚ ਉਲਝ ਰਿਹਾ ਹੈ। ਹੇ ਮਿਤ੍ਰ! ਇਹ ਮਨ ਮਾਇਆ ਵਿੱਚੋਂ ਨਿਕਲਦਾ ਹੀ ਨਹੀਂ ਹੈ। ਜਿਸ ਤਰ੍ਹਾਂ ਕੰਧ ਉੱਪਰ ਚਿੱਤਰੀ ਹੋਈ ਤਸਵੀਰ ਕੰਧ ਨੂੰ ਨਹੀਂ ਛੱਡਦੀ।

ਕੰਧ ਉੱਪਰ ਤਸਵੀਰ ਟੰਗੀ ਹੋਵੇ ਤਾਂ ਅਸੀਂ ਉਸਨੂੰ ਝਟ ਉਤਾਰ ਦਿੰਦੇ ਹਾਂ ਪਰ ਜੇ ਤਸਵੀਰ ਕੰਧ ਵਿਚ ਹੀ ਪੇਂਟ ਕੀਤੀ ਹੋਵੇ ਤਾਂ ਉਸਨੂੰ ਲਾਹੁਣਾ ਔਖਾ ਹੈ।

ਜਿਵੇਂ ਸੁੱਕੀ ਮਿੱਟੀ ਵਿੱਚ ਪਾਣੀ ਪਾ ਕੇ ਗੁੰਨ ਦਿੱਤਾ ਜਾਵੇ ਤਾਂ ਪਾਣੀ ਮਿੱਟੀ ਵਿੱਚ ਰਮਿ (ਸਮਾ) ਜਾਂਦਾ ਹੈ। ਇਸੇ ਤਰ੍ਹਾਂ ਕਈਆਂ ਦਾ ਮਨ ਮਾਇਆ ਵਿੱਚ ਸਮਾ ਜਾਂਦਾ ਹੈ।

ਇੱਕ ਔਰਤ ਨੇ ਦੁੱਧ ਵਿੱਚ ਪਾਣੀ ਪਾ ਪਾ ਕੇ 30 ਹਜ਼ਾਰ ਰੁਪਏ ਵੱਖਰੇ ਕਮਾ ਲਏ। ਫਿਰ ਮਨ ਮਾਇਆ ਵਿੱਚ ਉਲਝਿਆ ਹੋਣ ਕਰਕੇ 30 ਹਜ਼ਾਰ ਵਿਆਜੀ ਚਾੜ੍ਹ ਦਿੱਤਾ। ਫਿਰ ਵਿਆਜ ਨੂੰ ਵਿਆਜ ਲਾ ਕੇ 65 ਹਜ਼ਾਰ ਰੁਪਏ ਕਮਾ ਲਏ। ਫਿਰ ਉਨ੍ਹਾਂ ਪੈਸਿਆਂ ਨਾਲ ਸੋਨੇ ਦੀ ਚੈਨੀ ਆਪਣੇ ਮੁੰਡੇ ਨੂੰ ਬਣਾ ਦਿੱਤੀ। ਮੁੰਡਾ ਚੈਨੀ ਪਾ ਕੇ ਦੋਸਤ ਦੇ ਵਿਆਹ ਤੇ ਗਿਆ ਉੱਥੋਂ ਦੋਸਤਾਂ ਨਾਲ ਦਰਿਆ ਤੇ ਇਸ਼ਨਾਨ ਕਰਨ ਚਲਾ ਗਿਆ। ਉੱਛਲ ਕੁਦ ਕਰਦਿਆਂ ਚੈਨੀ ਪਾਣੀ ਵਿੱਚ ਰੁੜ ਗਈ। ਜਿਹੜੀ ਮਾਇਆ ਪਾਣੀ ਪਾ ਕੇ ਇਕੱਠੀ ਕੀਤੀ ਸੀ ਅੰਤ ਪਾਣੀ ਵਿੱਚ ਹੀ ਚਲੀ ਗਈ।

ਇਸ ਲਈ ਖੋਟੇ ਕਰਮਾਂ ਤੋਂ ਭਲੇ ਦੀ ਆਸ ਰੱਖਣੀ ਬੇਅਰਥ ਹੈ। ਜ਼ਹਿਰ ਬੀਜ ਕੇ ਕੋਈ ਚੂਰੀ ਨਹੀਂ ਖਾ ਸਕਦਾ।

***ਬੀਜੈ ਵਿਸੁ ਨ ਖਾਵੈ ਚੂਰੀ ॥੧੯॥***

*(ਵਾਰ ੩੦, ਪਉੜੀ ੧੯)*

ਇਸ ਮਾਇਆ ਦੇ ਛਲ ਤੋਂ ਬਚਣ ਦਾ ਤਰੀਕਾ ਵੀ ਹੈ ਕਿ ਮਾਇਆ ਤੇ ਮਨ ਦੇ ਵਿਚਕਾਰ ਧਰਮ ਆ ਜਾਵੇ ਤਾਂ ਹੀ ਗੁਰੂ ਦੀ ਕ੍ਰਿਪਾ ਨਾਲ ਮਾਇਆ ਦੇ ਵਿੱਚ ਹੀ ਪ੍ਰਭੂ ਨੂੰ ਪਾਇਆ ਜਾ ਸਕਦਾ ਹੈ।

***ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ***
***ਤਿਨੀ ਵਿਚੇ ਮਾਇਆ ਪਾਇਆ ॥੨੯॥***

*(ਅੰਗ ੯੨੧)*

ਮਾਇਆ ਕੀ ਹੈ? ਜਿਸ ਚੀਜ਼ ਦੇ ਨਾਲ ਜੁੜਿਆਂ ਪ੍ਰਭੂ ਦੀ ਯਾਦ ਵਿਸਰਦੀ ਹੈ ਤਾਂ ਉਹ

ਮਾਇਆ ਹੈ ਪਰ ਜੇ ਧਰਮ ਦੇ ਕੰਮ ਕਰਦਿਆਂ ਵੀ ਧਿਆਨ ਵਿੱਚੋਂ ਨਿਕਲ ਜਾਵੇ ਤਾਂ ਉਹ ਵੀ ਮਾਇਆ ਹੈ।

***ਏਹ ਮਾਇਆ ਜਿਤੁ ਹਰਿ ਵਿਸਰੈ***
***ਮੋਹੁ ਉਪਜੈ ਭਾਉ ਦੂਜਾ ਲਾਇਆ ॥***

*(ਅੰਗ ੯੨੧)*

ਅਗਰ ਸਾਡਾ ਆਪਣਾ ਕੋਈ ਪਿਆਰਾ ਚਾਹੇ ਗੁਰੂ ਹੀ ਕਹਾਉਂਦਾ ਹੋਵੇ, ਰਿਸ਼ਤੇਦਾਰ ਭੀ ਹੋਵੇ ਜੇ ਉਹ ਆਪ ਮਾਇਆ ਦੇ ਖੂਹ ਵਿੱਚ ਡਿੱਗਾ ਹੈ ਤੇ ਹੋਰਨਾਂ ਨੂੰ ਵੀ ਡੇਗਣਾ ਚਾਹੁੰਦਾ ਹੈ ਤਾਂ ਉਸਦੀ ਸੰਗਤ ਤਿਆਗ ਦੇਣੀ ਚਾਹੀਦੀ ਹੈ।

***ਅਤਿ ਪਿਆਰਾ ਪਵੈ ਖੂਹਿ ਕਿਹੁ ਸੰਜਮੁ ਕਰਣਾ ॥***
***ਗੁਰਮੁਖਿ ਹੋਇ ਸੁ ਕਰੇ ਵੀਚਾਰੁ ਓਸੁ ਅਲਿਪਤੋ ਰਹਣਾ ॥***

*(ਅੰਗ ੯੫੩)*

ਇਸ ਲਈ ਧੰਨ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਆਖਦੇ ਹਨ, ਮਨ ਮਾਇਆ ਵਿੱਚ ਫਸ ਰਿਹਾ ਹੈ ਨਿਕਲਦਾ ਨਹੀਂ ਜਿਵੇਂ ਕੰਧ ਉੱਪਰ ਚਿੱਤਰੀ ਹੋਈ ਤਸਵੀਰ ਕੰਧ ਨੂੰ ਨਹੀਂ ਛੱਡਦੀ।

◇◇◇

## *ਨੌਵੇਂ ਪਾਤਸ਼ਾਹ ਜੀ ਦਾ ਅੱਠਤੀਵਾਂ ਸਲੋਕ :*

***ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ ॥***
***ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ ॥ ੩੮॥***

*(ਅੰਗ ੧੪੨੮)*

ਪੁਰਸ਼ ਕੁਝ ਹੋਰ ਚਾਹੁੰਦਾ ਹੈ। ਪਰੰਤੂ ਹੋਰ ਦੀ ਹੋਰ ਹੋ ਗਈ ਇਹ ਠੱਗੀਆਂ ਹੀ ਚਿਤਵਦਾ ਰਿਹਾ ਤੇ ਜਮਾਂ ਦੀ ਫਾਹੀ ਇਸ ਦੇ ਗਲ ਪੈ ਗਈ।

ਬੰਦਾ ਕੁਝ ਹੋਰ ਸੋਚ ਕੇ ਬੈਠਾ ਹੁੰਦਾ ਹੈ ਪਰ ਰੱਬ ਕੁਝ ਹੋਰ ਹੀ ਕਰ ਦਿੰਦਾ ਹੈ। ਸਤਿਗੁਰੂ ਜੀ ਆਖਦੇ ਹਨ, ਵੇਖੋ ਕਿਵੇਂ ਸੁਹਾਗਣਾਂ ਵਿਆਹ ਕੇ ਸਹੁਰੇ ਘਰ ਐਮਨਾਬਾਦ ਵਿੱਚ ਆਈਆਂ ਉਨ੍ਹਾਂ ਦੇ ਸਿਰ ਉੱਤੇ ਕੇਸਾਂ ਦੇ ਵਿਚਕਾਰਲੇ ਚੀਰ ਵਿੱਚ ਸੰਧੂਰ ਪਾ ਕੇ ਕੇਸਾਂ ਦੀਆਂ ਪੱਟੀਆਂ ਹੁਣ ਤੱਕ ਸ਼ੋਭਦੀਆਂ ਆ ਰਹੀਆਂ ਸਨ। ਕੀ ਇਨ੍ਹਾਂ ਨੂੰ ਪਤਾ ਸੀ ਕਿ ਜਿਹੜੇ ਕੇਸਾਂ ਨੂੰ ਸੋਹਣੇ ਢੰਗ ਨਾਲ ਵਾਹਿਆ ਜਾਣਾ ਹੈ, ਕੱਲ੍ਹ ਨੂੰ ਬਾਬਰ ਦੇ ਸਿਪਾਹੀਆਂ ਨੇ ਇਹੀ ਵਾਲ ਫੜਕੇ ਧੂਹ ਕੇ ਕੈਂਚੀਆਂ ਨਾਲ ਸਾਡੇ ਸਿਰ ਮੁੰਨ ਦੇਣੇ ਹਨ?

***ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥***
***ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ ॥***

*(ਅੰਗ ੪੧੭)*

ਇਹ ਪਰਮਾਤਮਾ ਦੀ ਆਪਣੀ ਖੇਡ ਹੈ। ਇਸ ਦਾ ਕਿਸੇ ਅੰਤ ਨਹੀਂ ਪਾਇਆ। ਬੰਦਾ ਸਾਰੀ ਰਾਤ ਤਿਆਰੀ ਕਰਕੇ ਸੌਂਦਾ ਹੈ ਕਿ ਸਵੇਰੇ ਵਿਆਹ ਤੇ ਜਾਣਾ ਹੈ ਪਰ ਸਵੇਰੇ ਉੱਠਣ ਤੋਂ ਪਹਿਲਾਂ ਹੀ ਫੋਨ ਦੀ ਬੈਲ ਵੱਜਦੀ ਹੈ ਕਿ ਕੋਈ ਰਿਸ਼ਤੇਦਾਰ ਚੜ੍ਹਾਈ ਕਰ ਗਿਆ ਹੈ ਫਿਰ ਉੱਥੇ ਜਾਣਾ ਪੈ ਜਾਂਦਾ ਹੈ।

***ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ ॥***

*(ਅੰਗ ੪੯੬)*

ਇੱਕ ਸੋਹਨ ਸਿੰਘ ਨਾਂ ਦੇ ਆਦਮੀ ਨੇ ਸੁਣਿਆ ਕਿ ਭੁੱਚੋ ਸਾਹਿਬ ਵਾਲੇ ਮਹਾਂਪੁਰਖ ਰੱਬ ਦਾ ਰੂਪ ਹਨ। ਜੋ ਮਨ ਵਿੱਚ ਚਿਤਵ ਕੇ ਜਾਵੇ, ਆਸ ਪੂਰੀ ਹੋ ਜਾਂਦੀ ਹੈ। ਸੋਹਨ ਸਿੰਘ ਵੀ ਦਰਸ਼ਨ ਕਰਨ ਤੁਰ ਪਿਆ ਤੇ ਜਾ ਕੇ ਮੱਥਾ ਟੇਕਿਆ। ਬਾਬਾ ਜੀ ਨੇ ਮਰਯਾਦਾ ਪੂਰੀ ਕੀਤੀ ਤੇ ਬਚਨ ਕੀਤਾ, ਕਿਵੇਂ ਆਏ? ਸੋਹਨ ਸਿੰਘ ਨੇ ਕਿਹਾ, "ਮਹਾਂਪੁਰਖੋ! ਸਾਡੇ ਪਿੰਡ ਇੱਕ ਮਾਈ ਹੈ, ਉਹ ਕਦੋਂ ਮਰੇਗੀ?" ਮਹਾਂਪੁਰਸ਼ਾਂ ਨੇ ਪੁੱਛਿਆ ਤੂੰ ਕਿਉਂ ਪੁੱਛ ਰਿਹਾ ਏ? ਉਸ ਨੇ ਕਿਹਾ, "ਉਸਦੀ ਜ਼ਮੀਨ ਮੈਨੂੰ ਆਉਣੀ ਹੈ ਕਿਉਂਕਿ ਉਹ ਮੇਰੀ ਤਾਈ ਹੈ। ਮਹਾਂਪੁਰਸ਼ਾਂ ਨੇ ਕਿਹਾ, "ਤੂੰ ਉਸ ਦੀ ਜਾਇਦਾਦ ਲੈਣੀ ਚਾਹੁੰਦਾ ਏ, ਪਰ ਮਾਲਕ ਦਾ ਹੁਕਮ ਤਾਂ ਕੁਝ ਹੋਰ ਹੀ ਹੈ।" ਸੋਹਨ ਸਿੰਘ ਇਹ ਰਮਜ਼ ਸਮਝ ਨਾ ਸਕਿਆ, ਕਿਉਂਕਿ

ਬਾਬਾ ਜੀ ਦਾ ਇਸ਼ਾਰਾ ਸੀ ਕਿ ਤੁਸੀਂ ਤਾਂ ਤਾਈ ਤੋਂ ਵੀ ਪਹਿਲੇ ਚਲੇ ਜਾਣਾ ਹੈ। ਸੋ ਕਦੇ ਵੀ ਪਰਾਏ ਧਨ ਮਾਲ ਤੇ ਠੱਗੀ ਮਾਰਨ ਦੀ ਅੱਖ ਨਹੀਂ ਰੱਖਣੀ ਚਾਹੀਦੀ।

◈◈◈

***ਨੌਵੇਂ ਪਾਤਸ਼ਾਹ ਜੀ ਦਾ ਉਨਤਾਲੀਵਾਂ ਸਲੋਕ :***

***ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥***
***ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ ॥੩੯॥***

*(ਅੰਗ ੧੪੨੮)*

ਸੁਖ ਵਾਸਤੇ ਬਹੁਤ ਉਪਾਅ ਕੀਤੇ ਦੁੱਖ ਵਾਸਤੇ ਕੋਈ ਨਹੀਂ ਕੀਤਾ ਪਰੰਤੂ ਹੇ ਮਨ! ਸੁਣ ਜੋ ਹਰੀ ਨੂੰ ਭਾਵੇ, ਉਹੀ ਹੁੰਦਾ ਹੈ।

ਹਰ ਬੰਦਾ ਸੁੱਖਾਂ ਲਈ ਅਰਦਾਸ ਕਰਦਾ ਹੈ। ਦੁੱਖ ਕੋਈ ਨਹੀਂ ਮੰਗਦਾ ਪਰ ਇਹ ਫਿਰ ਵੀ ਆ ਜਾਂਦੇ ਹਨ। ਕਿਉਂਕਿ ਸੁੱਖਾਂ ਦੇ ਉਪਰਾਲੇ ਤਾਂ ਬਹੁਤ ਕਰਦਾ ਹੈ ਪਰ ਇਹ ਯਤਨ ਨਹੀਂ ਕਰਦਾ ਕਿ ਜਿਸ ਨਾਲ ਦੁੱਖ ਆਵੇ ਹੀ ਨਾ। ਜਦੋਂ ਅਸੀਂ ਸੁੱਖ ਮੰਗਦੇ ਹਾਂ ਤਾਂ ਦੁੱਖ ਵਿੱਚੋਂ ਹੀ ਨਿਕਲ ਆਉਂਦੇ ਹਨ ਜਿਵੇਂ ਫੁੱਲ ਖਿੜਿਆ ਹੈ ਨਾਲ ਕੰਡੇ ਵੀ ਹਨ, ਉਸਦਾ ਮੁਰਝਾਉਣਾ ਉਹਦੇ ਵਿੱਚੋਂ ਹੀ ਨਿਕਲ ਆਉਂਦਾ ਹੈ।

***ਸੁਖੁ ਮਾਂਗਤ ਦੁਖੁ ਆਗੈ ਆਵੈ ॥***

*(ਅੰਗ ੩੩੦)*

ਕਈ ਲੋਕ ਸੋਚਦੇ ਹਨ ਸਾਡੇ ਕੋਲ ਪੈਸਾ ਨਹੀਂ, ਮਕਾਨ ਨਹੀਂ। ਇਸ ਲਈ ਸੁੱਖ ਨਹੀਂ ਪਰ ਜਦੋਂ ਧਨ ਵੀ ਕਮਾ ਲਿਆ, ਕੋਠੀਆਂ ਵੀ ਬਣ ਗਈਆਂ ਪਰ ਮਨ ਸੁਖੀ ਫਿਰ ਵੀ ਨਹੀਂ ਹੋਇਆ। ਬੰਦਾ ਘਰ ਬਦਲਦਾ ਹੈ, ਦੋਸਤ ਬਦਲਦਾ ਹੈ। ਰਿਸ਼ਤੇਦਾਰ ਬਦਲਦਾ ਹੈ ਫਿਰ ਵੀ ਪਰੇਸ਼ਾਨ ਰਹਿੰਦਾ ਹੈ ਕਿਉਂਕਿ ਇਹ ਖੁਦ ਨੂੰ ਨਹੀਂ ਬਦਲਦਾ, ਧੂਲ ਚਿਹਰੇ ਤੇ ਹੁੰਦੀ ਹੈ ਇਹ ਸ਼ੀਸ਼ਾ ਸਾਫ ਕਰਦਾ ਰਹਿੰਦਾ ਹੈ। ਪਰ ਜਦੋਂ ਅਸੀਂ ਪੂਰੇ ਗੁਰੂ ਕੋਲੋਂ ਪੁਛਾਂਗੇ ਕਿ ਸਦੀਵੀ ਸੁੱਖ ਕਿਵੇਂ ਮਿਲੇ ਤਾਂ ਸਤਿਗੁਰੂ ਜੀ ਕਹਿਣਗੇ ਜਿਵੇਂ ਤੁਸੀਂ ਇੱਕ-ਇੱਕ ਸਵਾਸ ਨਾਲ ਮਾਇਆ ਚੇਤੇ ਕਰਦੇ ਹੋ ਹੁਣ ਇੱਕ-ਇੱਕ ਸਵਾਸ ਨਾਲ ਪਰਮਾਤਮਾ ਨੂੰ ਚੇਤੇ ਕਰੋ ਤਾਂ ਇੱਥੋਂ ਦਾ ਸੁੱਖ ਵੀ ਮਿਲੇਗਾ ਤੇ ਪਰਲੋਕ ਦਾ ਸੁਖ ਵੀ ਮਿਲ ਜਾਵੇਗਾ।

***ਹਲਤਿ ਸੁਖੁ ਪਲਤਿ ਸੁਖੁ ਨਿਤ ਸੁਖੁ ਸਿਮਰਨੋ***
***ਨਾਮੁ ਗੋਬਿੰਦ ਕਾ ਸਦਾ ਲੀਜੈ ॥***

*(ਅੰਗ ੬੮੩)*

ਗੁਰੂ ਕਲਗੀਧਰ ਪਾਤਸ਼ਾਹ ਜੀ ਆਖਦੇ ਹਨ:

***ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ॥***

*(ਅਰਦਾਸ)*

ਪੂਰੇ ਗੁਰੂ ਨੂੰ ਯਾਦ ਕਰਨ ਨਾਲ ਸਹਿਜੇ ਨੌ ਨਿਧਾ ਸੰਸਾਰ ਦਾ ਧਨ ਪ੍ਰਾਪਤ ਹੁੰਦਾ ਹੈ ਅਤੇ ਪਰਮਾਤਮਾ ਦਾ ਨਾਮ ਧਨ ਵੀ ਪ੍ਰਾਪਤ ਹੋ ਜਾਂਦਾ ਹੈ।

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***

*(ਅੰਗ ੨੯੩)*

ਇਸ ਲਈ ਸਾਰੇ ਸੁਖਾਂ ਦਾ ਦਾਤਾ ਪੂਰਾ ਗੁਰੂ ਹੀ ਹੈ, ਉਸਦੀ ਸ਼ਰਨੀ ਪੈ ਜਾਓ।

***ਸਰਬ ਸੁਖਾ ਕਾ ਦਾਤਾ ਸਤਿਗੁਰੁ ਤਾ ਕੀ ਸਰਨੀ ਪਾਈਐ ॥***
***ਦਰਸਨੁ ਭੇਟਤ ਹੋਤ ਅਨੰਦਾ ਦੂਖੁ ਗਇਆ ਹਰਿ ਗਾਈਐ ॥੧॥***

*(ਅੰਗ ੬੩੦)*

ਧੰਨ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਆਖਦੇ ਹਨ ਕਿ ਇਸ ਮਨੁੱਖ ਨੇ ਦੁਨਿਆਵੀ ਸੁਖਾਂ ਦੀ ਪ੍ਰਾਪਤੀ ਦਾ ਯਤਨ ਤਾਂ ਬਹੁਤ ਕੀਤੇ ਪਰ ਮੌਤ ਜਾਂ ਜਮਾਂ ਦਾ ਜੋ ਦੁਖ ਹੈ ਉਸਦੀ ਨਵਿਰਤੀ ਦਾ ਕੋਈ ਯਤਨ ਨਹੀਂ ਕੀਤਾ। ਨਾਮ ਨਹੀਂ ਜਪਿਆ।

***—ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ***

◈◈◈

# ਸਵਾਲ ਜਵਾਬ

# ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ **'ਸਿਫਤਿ ਸਾਲਾਹ ਰਸਾਲੇ'** ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਕਰਨ ਦੀ ਪ੍ਰੇਰਨਾ ਦਿੰਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਸਵਾਲਾਂ ਨੂੰ ਵੀ ਇਸ ਕਾਲਮ ਦਾ ਹਿੱਸਾ ਬਣਾਇਆ ਜਾਂਦਾ ਹੈ ਜਿਨ੍ਹਾਂ ਰਾਹੀਂ ਸਮੇਂ ਸਮੇਂ ਸੰਗਤਾਂ ਭਾਈ ਸਾਹਿਬ ਤੋਂ ਗੁਰਮਤਿ ਅਨੁਸਾਰ ਦੁਨਿਆਵੀ ਤੇ ਅਧਿਆਤਮਿਕ ਸੇਧ ਪ੍ਰਾਪਤ ਕਰਦੀਆਂ ਹਨ।

37. **ਸਵਾਲ: ਸਤਿਕਾਰਯੋਗ ਵੀਰ ਜੀ, ਆਮ ਸੁਣਨ ਵਿੱਚ ਆਉਂਦਾ ਹੈ ਕਿ ਕਈ ਲੋਕਾਂ ਨੂੰ ਰਾਤ ਵੇਲੇ ਬਹੁਤ ਬੁਰੇ ਅਤੇ ਡਰਾਉਣੇ ਸੁਪਨੇ ਆਉਂਦੇ ਹਨ। ਕੋਈ ਜੁਗਤੀ ਦੱਸੋ ਕਿ ਸੁਪਨੇ ਵੀ ਨਾ ਆਉਣ ਤੇ ਰਾਤ ਵੀ ਲੇਖੇ ਲੱਗ ਜਾਵੇ।**

**ਜਵਾਬ:** ਨੀਂਦ ਵੀ ਦੋ ਕਿਸਮ ਦੀ ਹੈ: ਇੱਕ ਮਨਮੁਖ ਦੀ ਨੀਂਦ ਤੇ ਇੱਕ ਹੈ ਗੁਰਮੁਖ ਦੀ ਨੀਂਦ। ਮਨਮੁਖ ਦੀ ਨੀਂਦ ਬਾਰੇ ਗੁਰਬਾਣੀ ਵਿੱਚ ਫ਼ਰਮਾਨ ਹੈ:

*ਸਿਆਮ ਸੁੰਦਰ ਤਜਿ ਨੀਦ ਕਿਉ ਆਈ ॥*
*ਮਹਾ ਮੋਹਨੀ ਦੂਤਾ ਲਾਈ ॥੧॥*

*(ਅੰਗ ੭੪੫)*

ਬਾਬਾ ਖੜਕ ਸਿੰਘ ਜੀ ਕਾਰ ਸੇਵਾ ਵਾਲੇ ਮਹਾਂਪੁਰਸ਼ ਬਚਨ ਕਰਦੇ ਸਨ ਮਨਮੁੱਖ ਦਾ ਸੌਣਾ ਤੇ ਗੁਰਮੁਖ ਦਾ ਸੌਣਾ ਜ਼ਮੀਨ ਅਸਮਾਨ ਦਾ ਅੰਤਰ ਹੈ। ਬਾਬਾ ਜੀ ਕਹਿੰਦੇ ਮਨਮੁੱਖ ਸੌਣ ਲੱਗਿਆਂ ਨਾਵਲ ਜਾਂ ਕਹਾਣੀਆਂ ਪੜ੍ਹ ਕੇ ਸੌਂਦਾ ਹੈ, ਜਦ ਕਿ ਗੁਰਮੁਖ ਸਿਮਰਨ ਕਰਦਾ ਸੌਂਦਾ ਹੈ।

ਅੱਜ ਕਲ੍ਹ ਬਹੁਤੇ ਸਰੀਰ ਰਾਤੀਂ ਸੌਣ ਵੇਲੇ ਲਾਈਟ ਬੰਦ ਕਰਕੇ ਘੰਟਾ-ਘੰਟਾ ਮੋਬਾਇਲ ਦੇਖਦੇ ਰਹਿੰਦੇ ਹਨ ਜਿਸ ਕਾਰਨ ਕਈ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਜਿਵੇਂ ਘੱਟ ਲਾਈਟ ਵਿੱਚ ਮੋਬਾਇਲ ਦੇਖਣ ਨਾਲ ਸਭ ਤੋਂ ਪਹਿਲਾਂ ਸਿੱਧਾ ਅਸਰ ਅੱਖਾਂ ਤੇ ਪੈਂਦਾ ਹੈ। ਦਿਨ-ਬ-ਦਿਨ ਅੱਖਾਂ ਦੀ ਰੌਸ਼ਨੀ ਘੱਟਦੀ ਜਾਂਦੀ ਹੈ। ਜ਼ਿਆਦਾ ਮੋਬਾਇਲ ਦੇਖਣ ਨਾਲ ਦਿਮਾਗ ਤੇ ਅਸਰ ਪੈਂਦਾ ਹੈ ਜਿਸ ਕਾਰਨ ਲੋਕ ਡਿਪਰੈਸ਼ਨ ਦੀ ਬੀਮਾਰੀ ਦਾ ਸ਼ਿਕਾਰ ਹੋ ਰਹੇ ਹਨ।

ਬਾਬਾ ਨੰਦ ਸਿੰਘ ਜੀ ਵੀ ਬਚਨ ਕਰਦੇ ਸਨ

ਕਿ ਰੋਜ਼ ਰਾਤੀ ਸੌਣ ਤੋਂ ਪਹਿਲਾਂ ਪੰਜ ਇਸ਼ਨਾਨਾ ਕਰਕੇ, ਸਿੱਖ ਸਿਰਹਾਣੇ ਵੱਲ ਮੁੱਖ ਕਰਕੇ ਸੋਹਿਲਾ ਸਾਹਿਬ ਦਾ ਪਾਠ ਕਰਕੇ ਸੌਂਵੇ। ਮਹਾਂਪੁਰਸ਼ ਸਮਝਾਉਂਦੇ ਹਨ ਕਿ ਹਰ ਇਨਸਾਨ ਜਦੋਂ ਰਾਤੀਂ ਸੌਂਦਾ ਹੈ ਤਾਂ ਨੀਂਦ ਆਉਣ ਲੱਗਿਆਂ 10-15 ਮਿੰਟ ਲੱਗਦੇ ਹਨ। ਗੁਰਸਿੱਖ ਨੇ ਉਹ ਸਮਾਂ ਵੀ ਸੰਭਾਲਦਿਆਂ ਵਾਹਿਗੁਰੂ ਦਾ ਸਿਮਰਨ ਕਰਦੇ ਸੌਣਾ ਹੈ। ਸਿਮਰਨ ਕਰਦਿਆਂ ਜਦੋਂ ਉਹ ਨੀਂਦ ਵਿੱਚ ਜਾਵੇਗਾ ਤਾਂ ਸਾਰੀ ਰਾਤ ਵੀ ਲੇਖੇ ਲੱਗ ਜਾਵੇਗੀ। ਗੁਰਬਾਣੀ ਵਿੱਚ ਵੀ ਗੁਰਮੁਖ ਦੀ ਨੀਂਦ ਬਾਰੇ ਫੁਰਮਾਨ ਹਨ:

***ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ॥***

*(ਅੰਗ ੫੫੮)*

ਸੋਹਿਲਾ ਸਾਹਿਬ ਦਾ ਪਾਠ ਕਰਨ ਉਪਰੰਤ ਵਾਹਿਗੁਰੂ ਸਿਮਰਨ ਕਰਦੇ ਕਰਦੇ ਸੌਣ ਨਾਲ ਨਾ ਤਾਂ ਮਨ ਵਿੱਚ ਮਾੜੇ ਵਿਚਾਰ ਆਉਣਗੇ ਤੇ ਨਾ ਹੀ ਬੁਰੇ ਤੇ ਡਰਾਵਣੇ ਸੁਪਨੇ ਆਉਣਗੇ।

◈◈◈

**38. ਸਵਾਲ: ਸਤਿਕਾਰਯੋਗ ਵੀਰ ਜੀ, ਸਾਡਾ ਕੋਈ ਵੀ ਦੁਨਿਆਵੀਂ ਕੰਮ ਸਿਰੇ ਨਾ ਲੱਗੇ ਤਾਂ ਸਾਡਾ ਮਨ ਡੋਲ੍ਹਣ ਲੱਗ ਪੈਂਦਾ ਹੈ। ਕੋਈ ਜੁਗਤੀ ਦੱਸੋ ਤਾਂ ਕਿ ਦ੍ਰਿੜ੍ਹ ਇਰਾਦਾ ਬਣ ਜਾਵੇ।**

**ਜਵਾਬ:** ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ ਕਿ ਸਿੱਖ ਵਿੱਚ ਤਿੰਨ ਗੁਣ ਹੋਣ ਤਾਂ ਕਦੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰ ਤੋਂ ਖਾਲੀ ਨਹੀਂ ਮੁੜਦਾ। ਉਹ ਤਿੰਨ ਗੁਣ ਕਿਹੜੇ ਹਨ? ਦਰ ਨਾ ਛੱਡੇ, ਕਾਹਲਾ ਨਾ ਪਵੇ ਤੇ ਹੰਕਾਰ ਨਾ ਕਰੇ। ਇਹ ਸੋਚ ਰੱਖੇ ਕਿ ਜੇ ਪਰਮਾਤਮਾ ਵੱਲੋਂ ਦਾਤ ਦੇਣ ਵਿੱਚ ਕੋਈ ਦੇਰ ਹੋਈ ਹੈ ਤਾਂ ਇਸ ਵਿੱਚ ਵੀ ਮੇਰਾ ਭਲਾ ਹੀ ਹੈ। ਹੋ ਸਕਦਾ ਹੈ ਕਿ ਮੈਂ ਕਿਸੇ ਅੱਗ ਨੂੰ ਹੱਥ ਪਾ ਰਿਹਾ ਹੋਵਾਂ, ਜਿਸ ਦੀ ਮੈਨੂੰ ਇਸ ਸਮੇਂ ਜਾਣਕਾਰੀ ਨਹੀਂ। ਇਸ ਕਰਕੇ ਜੇ ਕੋਈ ਦਾਤ ਮਿਲਣ ਵਿੱਚ ਦੇਰੀ ਹੋਈ ਹੈ ਤਾਂ ਇਸ ਵਿੱਚ ਵੀ ਕੋਈ ਨਾ ਕੋਈ ਭਲਾਈ ਛੁਪੀ ਹੋਈ ਹੈ।

***ਤੁਮ ਕਰਹੁ ਭਲਾ ਹਮ ਭਲੋ ਨ ਜਾਨਹ***
***ਤੁਮ ਸਦਾ ਸਦਾ ਦਇਆਲਾ॥***

*(ਅੰਗ ੬੧੩)*

ਬਾਬਾ ਕੁੰਦਨ ਸਿੰਘ ਜੀ ਵੀ ਬਚਨ ਕਰਦੇ ਸਨ ਕਿ ਦੋ ਬੰਦਿਆਂ ਦੇ ਲੇਖ ਨਹੀਂ ਬਦਲਦੇ- ਇੱਕ ਚੁਫੇਰੇ ਦੇ ਤੇ ਇੱਕ ਮਨਮੁਖ ਦੇ। ਬਾਕੀ ਕੋਈ ਵੀ ਜੇਕਰ ਉਹ ਗੁਰੂ ਸਾਹਿਬ ਪ੍ਰਤੀ ਨਿਸ਼ਠਾ ਤੇ ਸ਼ਰਧਾ ਰੱਖਦਾ ਹੈ ਤਾਂ ਉਹ ਕਦੀ ਵੀ ਧੰਨ ਗੁਰੂ ਨਾਨਕ ਸਾਹਿਬ ਦੇ ਦਰ ਤੋਂ ਖਾਲੀ ਨਹੀਂ ਮੁੜਦਾ।

◈◈◈

**39. ਸਵਾਲ: ਸਤਿਕਾਰਯੋਗ ਵੀਰ ਜੀ, ਕਈ ਲੋਕ ਲੰਗਰ ਛਕਣ ਉਪਰੰਤ ਬਹੁਤ ਸਾਰਾ ਲੰਗਰ ਘਰ ਵਾਸਤੇ ਪਾ ਲੈਂਦੇ ਹਨ। ਕੀ ਅਜਿਹਾ ਕਰਨਾ ਠੀਕ ਹੈ?**

**ਜਵਾਬ:** ਰੋਜ਼ ਗੁਰੂ ਘਰ ਦਰਸ਼ਨ ਕਰਨ ਜਾਣਾ, ਕੀਰਤਨ ਸੁਣਨਾ, ਸੇਵਾ ਕਰਨੀ, ਸਿਮਰਨ ਕਰਨਾ ਬਹੁਤ ਵੱਡੇ ਭਾਗਾਂ ਵਾਲੀ ਗੱਲ ਹੈ।

***ਵਡਭਾਗੀ ਹਰਿ ਸੰਗਤਿ ਪਾਵਹਿ॥***

*(ਅੰਗ ੯੫)*

ਪਰ ਰੋਜ਼ ਲੰਗਰ ਛਕਣਾ ਠੀਕ ਨਹੀਂ ਕਿਉਂਕਿ ਇਸ ਦੇ ਕਈ ਕਾਰਨ ਹਨ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇੱਕ ਵਾਰੀ ਭਾਈ ਮੰਝ ਜੀ ਨੂੰ

*—ਬਾਕੀ ਹਿੱਸਾ ਪੰਨਾ 30 'ਤੇ ਪੜ੍ਹੋ ਜੀ*

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵਿਚਾਰਾਂ ਵਿੱਚੋਂ ਬਚਨ

—ਸੰਪਾਦਕ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

## ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਬਚਨ

**540**

ਜਿੰਨੀ ਕੁ ਮਾਇਆ, ਪਦਾਰਥ ਸਾਡੇ ਕੋਲ ਹੈ ਉਨ੍ਹਾਂ ਨੂੰ ਜੁਗਤ ਨਾਲ ਵਰਤਣਾ। ਫਾਲਤੂ ਦੀਆਂ ਰੀਤਾਂ ਰਸਮਾਂ 'ਤੇ ਖਰਚਾ ਨਾ ਕਰਨਾ।

**541**

ਆਪਣੇ ਸਰੀਰ ਨਾਲ ਸੇਵਾ ਟਹਿਲ ਕਰਨੀ, ਹੱਥੀਂ ਸੇਵਾ ਕਰਨੀ, ਮਿੱਠਾ ਬੋਲਣਾ, ਚੁੱਭਵੀਂ ਗੱਲ ਕਦੀ ਮੁਖੋਂ ਨਾ ਕਹਿਣੀ।

**542**

ਗਿਆਨ ਤੇ ਧਿਆਨ ਦੀ ਗੱਲ ਸਿਰਫ ਰਸਨਾ ਨਾਲ ਕਹਿਣੀ ਹੀ ਨਹੀਂ, ਆਪ ਵੀ ਕਮਾਉਣੀ, ਨਾਮ ਆਪ ਵੀ ਜਪਣਾ, ਗੁਰੂ ਘਰ ਦੀ ਸੇਵਾ ਆਪ ਵੀ ਕਮਾਉਣੀ।

# "ਸਿੱਖੀ ਸਿੱਖਿਆ ਗੁਰ ਵੀਚਾਰਿ"

***—ਕਵੀਸ਼ਰ ਸਵਰਨ ਸਿੰਘ ਭੌਰ***



ਗੁਰਸਿੱਖੀ ਦਾ ਰਸਤਾ ਸੱਚਾ ਤੇ ਸੁੱਚਾ ਹੈ। ਵੰਡ ਛਕਣਾ, ਕਿਰਤ ਕਰਨੀ ਦੇ ਸਿਧਾਂਤ ਨੂੰ ਅਪਨਾਉਣ ਵਾਲਾ ਸੁਖੇਨ ਹੀ ਇਹ ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਪਰਾਈ ਵਸਤੂ ਨੂੰ ਜ਼ਹਿਰ ਬਰਾਬਰ ਜਾਣਦਾ ਹੈ।

ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਅਨਿਨ ਸਿੱਖ ਭਾਈ ਭੂਗੰਰ ਜੀ ਐਸੇ ਨਿਮਰਤਾ ਦੇ ਪੁੰਜ ਹੋਏ ਹਨ ਜੋ ਖੇਤੀਬਾੜੀ ਦੇ ਕਾਰਜ ਕਰਕੇ ਆਪਣੇ ਪਰਿਵਾਰ ਦਾ ਨਿਰਬਾਹ ਕਰਦੇ ਸਨ। ਘਰ ਵੱਲੋਂ ਸਧਾਰਨ ਸਿੱਖ ਵਿਰਸੇ ਵੱਲੋਂ ਬਹੁਤ ਅਮੀਰ ਸਨ। ਆਏ ਗੁਰਸਿੱਖਾਂ ਦੀ ਸੇਵਾ ਸੰਭਾਲ ਬੜੀ ਭਾਵਨਾ ਨਾਲ ਕਰਦੇ। ਉਨ੍ਹਾਂ ਨੇ ਆਪਣੇ ਘਰ ਰੱਖੇ ਜੋ ਪਸ਼ੂ ਸਨ ਉਨ੍ਹਾਂ ਨੂੰ ਮਿੱਠੇ ਬਚਨਾਂ ਵਿੱਚ ਕਹਿਣਾ ਖੇਤਾਂ ਵੱਲ ਜਾਣ ਵੇਲੇ ਕਿਸੇ ਦੇ ਖੇਤ ਵਿੱਚ ਹਰਾ ਚਾਰਾ ਵੇਖ ਕੇ ਉਸ ਖੇਤ ਵਿੱਚੋਂ ਕੁਝ ਨਹੀਂ ਖਾਣਾ। ਇੰਨਾ ਪਰਉਪਕਾਰੀ ਜੀਵਨ ਵੇਖ ਕੇ ਇੱਕ ਸਾਧੂ ਇਨ੍ਹਾਂ ਨੂੰ ਰਸੈਣ ਦੇ ਗਿਆ। ਤੁਸੀਂ ਇਸ ਰਸੈਣ ਤੋਂ ਸੋਨਾ ਬਣਾ ਕੇ ਘਰ ਦਾ ਕਾਰੋਬਾਰ ਵੱਡਾ ਕਰ ਲਵੋ ਇਸ ਦੇ ਪ੍ਰਯੋਗ ਨਾਲ ਲੋਹਾ ਸੋਨਾ ਬਣ ਜਾਂਦਾ ਹੈ। ਸਾਧੂ ਰਸੈਣ ਦੇ ਕੇ ਚਲੇ ਗਿਆ ਫਿਰ ਸਾਲ ਬਾਅਦ ਆਇਆ ਘਰ ਦੀ ਹਾਲਤ ਉਸੇ ਤਰ੍ਹਾਂ ਵੇਖ ਕੇ ਕਹਿਣ ਲੱਗਾ, ਮੈਂ ਆਪ ਜੀ ਨੂੰ ਜੋ ਰਸੈਣ ਦੇ ਕੇ ਗਿਆ ਸਾਂ ਤੁਸਾਂ ਉਸ ਤੋਂ ਕੋਈ ਲਾਭ ਕਿਉਂ ਨਹੀਂ ਲਿਆ। ਭਾਈ ਸਾਹਿਬ ਨੇ ਨਿਮਰਤਾ ਨਾਲ ਸਾਧੂ ਨੂੰ ਕਿਹਾ ਤੁਸੀਂ ਪ੍ਰਸ਼ਾਦਾ ਪਾਣੀ ਛਕੋ ਫਿਰ ਆਪਾ ਕੁਝ ਨੁਕਤੇ ਸਾਂਝੇ ਕਰਾਂਗੇ। ਸਾਧੂ ਨੂੰ ਜਲ-ਪਾਣੀ ਛਕਾ ਕੇ ਖੇਤਾਂ ਵੱਲ ਤਿਆਰ ਹੋ ਗਏ। ਆਪਣੇ ਪਸ਼ੂ ਜੋ ਘਰ ਵਿੱਚ ਰੱਖੇ ਸਨ ਉਨ੍ਹਾਂ ਨੂੰ ਘਰੋਂ ਤੋਰ ਦਿੱਤਾ, ਰਸਤੇ ਵਿੱਚ ਅਨੇਕ ਹਰੇ ਖੇਤ ਆਏ ਪਸ਼ੂਆਂ ਨੇ ਹਰੇ ਖੇਤਾਂ ਵੱਲ ਅੱਖ ਭਰਕੇ ਵੀ ਨਹੀਂ ਸੀ ਦੇਖਿਆ ਤੇ ਆਪਣੇ ਖੇਤਾਂ ਵਿੱਚ ਜਾ ਕੇ ਸੁੱਕੇ ਕੱਖ ਖਾਣ ਲੱਗ ਪਏ। ਭਾਈ ਭੂਗੰਰ ਜੀ ਨੇ ਸਾਧੂ ਨੂੰ ਕਿਹਾ ਸੰਤ ਜੀ ਮੇਰੇ ਖੇਤਾਂ ਵਿੱਚ ਬਾਦਸ਼ਾਹ ਦਾ ਗੁਪਤ ਖਜ਼ਾਨਾ ਇੱਥੇ ਦੱਬਿਆ ਹੈ ਜਿਸ ਵਿੱਚ ਸੋਨਾ ਹੀਰੇ ਲਾਲ ਹਨ ਮੈਨੂੰ ਇਸ ਖਜ਼ਾਨੇ ਦੇ ਕਈ ਵਾਰ ਦਰਸ਼ਨ ਹੋਏ ਹਨ। ਮੇਰੇ ਗੁਰੂ ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਹੁਕਮ ਹੈ:

***ਵਸਤ ਪਰਾਈ ਜ਼ਹਿਰ ਕਰ ਜਾਣਿਓ।***

ਮੇਰੇ ਪਸ਼ੂ ਵੀ ਕਿਸੇ ਦੇ ਖੇਤ ਵਿੱਚ ਪੈਰ ਨਹੀਂ ਪਾਉਂਦੇ। ਇਹ ਮੂੰਹੋਂ ਤੇ ਕੁਝ ਬੋਲਦੇ ਨਹੀਂ ਮੇਰੇ ਕੀਤੇ ਬਚਨ ਕੰਨਾਂ ਨਾਲ ਸੁਣ ਕੇ ਸਿਰ ਨਾਲ ਇਸ਼ਾਰਾ ਕਰ ਦਿੰਦੇ ਹਨ। ਮੈਂ ਇਸ ਖਜ਼ਾਨੇ ਨੂੰ ਜ਼ਹਿਰ ਦੇ ਬਰਾਬਰ ਸਮਝਦਾ ਹਾਂ ਇਹ ਸੁਣ ਕੇ ਸਾਧੂ ਦੇ ਕਵਾੜ ਖੁੱਲ੍ਹ ਗਏ ਕਈ ਵਰ੍ਹਿਆਂ ਤੋਂ ਸ਼ਾਂਤੀ ਦੀ ਭਾਲ ਵਿੱਚ ਭਟਕਦਾ ਸੀ। ਉਸਨੂੰ ਸ਼ਾਂਤੀ ਆ ਗਈ ਤੇ ਆਪ ਮੁਹਾਰੇ ਕਹਿਣ ਲੱਗਾ:

ਧੰਨ ਸਿੱਖੀ ਧੰਨ ਸਿੱਖੀ ਧੰਨ ਗੁਰੂ ਨਾਨਕ ਤੇਰੇ ਸਿੱਖ ਜਿਨ੍ਹਾਂ ਦਾ ਇੰਨਾ ਵਿਸ਼ਵਾਸ ਹੈ ਸਿੱਖੀ ਤੇ। ਭਾਈ ਭੂਗੰਰ ਜੀ ਕਹਿਣ ਲੱਗੇ, ਮੇਰੇ ਗੁਰੂ ਸਾਹਿਬ ਦਾ ਹੁਕਮ ਹੈ:

***ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥***
***ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥***

*(ਅੰਗ ੧੪੧)*

◈◈◈

VCD 536

## ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ

# ਭਾਈ ਨੰਦ ਲਾਲ ਜੀ ਨੇ ਜਦੋਂ ਪਹਿਲੀ ਵਾਰੀ ਗੁਰੂ ਕਲਗੀਧਰ ਜੀ ਦੇ ਦਰਸ਼ਨ ਕੀਤੇ ਤਾਂ ਕਿਹੜੀ ਗਜ਼ਲ ਬੋਲੀ?

**ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 154 ਅੰਕ ਤੋਂ—"ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ" ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰਿਆਂ ਵਿੱਚੋਂ- ਧੰਨ ਧੰਨ ਭਾਈ ਨੰਦ ਲਾਲ ਜੀ ਦੇ ਜੀਵਨ ਤੇ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।**

*—ਸੰਪਾਦਕ*

*ਧੰਨ ਧੰਨ ਮੇਰੇ ਕਲਗੀਧਰ ਪਿਤਾ ਜੀ।*
*ਧੰਨ ਧੰਨ ਮੇਰੇ ਬਾਜ਼ਾਂ ਵਾਲੇ ਪਿਤਾ ਜੀ।*
*ਸਾਰੀ ਦੁਨੀਆਂ ਸੇ ਤੇਰੀ ਤਸਵੀਰ ਅੱਛੀ।*
*ਮਿਲਾ ਤੁਝ ਸਾ ਮੁਰਸ਼ਦ ਮੇਰੀ ਤਕਦੀਰ ਅੱਛੀ।*

...................

*ਮੇਰੇ ਲਾਲਨ ਕੀ ਸੋਭਾ ॥*
*ਸਦ ਨਵਤਨ ਮਨ ਰੰਗੀ ਸੋਭਾ ॥੧॥*

*(ਅੰਗ ੧੩੨੨)*

ਅਨੁਭਵ ਕਰਿਆ ਕਰੋ। ਹੁਣ ਵੇਖੋ ਹਰ ਐਤਵਾਰ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਦਰ ਗੁ: ਸ਼ਹੀਦ ਗੰਜ ਸਾਹਿਬ ਪੈਰ ਰੱਖਣ ਦੀ ਜਗ੍ਹਾ ਨਹੀਂ, ਬਾਬਾ ਜੀ ਦੇ ਜਨਮ ਅਸਥਾਨ ਪਹੂਵਿੰਡ ਸਾਹਿਬ ਵੀ ਪੈਰ ਰੱਖਣ ਦੀ ਜਗ੍ਹਾ ਨਹੀਂ, ਗੁ: ਟਾਹਲਾ ਸਾਹਿਬ ਵੀ ਪੈਰ ਰੱਖਣ ਦੀ ਜਗ੍ਹਾ ਨਹੀਂ। ਉਸ ਵੇਲੇ ਵਿਕ ਜਾਓ, ਕਲਗੀਧਰ ਪਿਤਾ ਜੀ ਦੇ ਚਰਨਾਂ ਵਿੱਚ। ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਮੁਰਸ਼ਦ ਕਿੰਨੇ ਤਕੜੇ ਹੋਣਗੇ। ਜਿਸ ਵੇਲੇ ਸ੍ਰੀ ਫਤਹਿਗੜ੍ਹ ਸਾਹਿਬ ਸਾਹਿਬਜ਼ਾਦਿਆਂ ਦੇ ਪਾਵਨ ਚਰਨਾਂ ਵਿੱਚ ਉਨ੍ਹਾਂ ਦੇ ਸ਼ਹੀਦੀ ਦਿਹਾੜਿਆਂ ਤੇ ਵੀਹ-ਵੀਹ ਲੱਖ ਦਾ ਇਕੱਠ ਵੇਖੋ, ਉਸ ਵੇਲੇ ਫਿਰ ਬਾਜਾਂ ਵਾਲੇ ਦੇ ਚਰਨਾਂ ਵਿੱਚ ਵਿਕ ਜਾਇਆ ਕਰੋ, ਆਪ ਜੀ ਦੇ ਸਾਹਿਬਜ਼ਾਦੇ ਹੀ ਨਹੀਂ ਮਾਣ ਤੇ ਕਲਗੀਧਰ ਪਾਤਸ਼ਾਹ ਜੀ ਆਪ ਜੀ ਕਿੰਨੇ ਵੱਡੇ ਹੋਵੋਗੇ?

ਸੰਗਤ ਜੀ, ਚਾਲੀ ਮੁਕਤੇ ਸ੍ਰੀ ਮੁਕਤਸਰ ਸਾਹਿਬ ਦੀ ਧਰਤੀ, ਜਦੋਂ ਕਿਤੇ ਫਿਰ ਉਹ ਦਿਹਾੜਾ ਟੁੱਟੀ ਗੰਢਣ ਵਾਲਾ, ਇੰਨਾ ਸੰਗਤਾਂ ਦਾ ਪਿਆਰ ਤੇ ਉਮਾਹਾ ਵੇਖੋ, ਵੇਖ ਕੇ ਇਸ ਚੰਚਲ ਮਨ ਨੂੰ ਕਹਿ




ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਕਥਾ-ਕੀਰਤਨ ਦੀਆਂ ਵੀਚਾਰਾਂ ਸਾਂਝੀਆਂ ਕਰਦੇ ਹੋਏ।

ਦਿਆ ਕਰੋ, ਚਾਲੀ ਮੁਕਤੇ ਨਹੀਂ ਮਾਣ, ਇਨ੍ਹਾਂ ਦੇ ਪਿਤਾ ਕਿੰਨੇ ਤਕੜੇ ਹੋਣਗੇ? ਸੰਗਤ ਜੀ, ਕੰਮ ਜਾਇਜ਼ ਹੋਵੇ ਪਰ ਸਿਰੇ ਨਾ ਚੜ੍ਹੇ ਜਾਂ ਕੋਈ ਰੁਕਾਵਟ ਪਈ ਜਾਵੇ। ਕੰਮ ਰੁਕ ਜਾਵੇ। ਪੰਜ ਅੰਮ੍ਰਿਤਧਾਰੀ ਸਿੰਘਾਂ ਨੂੰ ਘਰ ਬੁਲਾ ਕੇ ਅਰਦਾਸ ਕਰਵਾਓ ਤੇ ਜਦੋ ਪੰਜ ਪਿਆਰੇ ਵਾਰੀ-ਵਾਰੀ ਇੱਕ-ਇੱਕ ਪਾਠ ਜਪੁਜੀ ਸਾਹਿਬ ਦੀ ਹਾਜ਼ਰੀ ਲਗਾ ਕੇ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਦੇਗ ਰੱਖ ਕੇ, ਸੰਪੂਰਨ ਸ੍ਰੀ ਅਨੰਦ ਸਾਹਿਬ ਜੀ ਦਾ ਪਾਠ ਕਰਕੇ ਗਲ ਵਿੱਚ ਪੱਲਾ ਪਾ ਕੇ ਤੇਰੀ ਅਰਦਾਸ ਕਰਨ, ਤੈਨੂੰ ਚੰਦ ਘੰਟਿਆਂ ਬਾਅਦ ਨਜ਼ਰ ਆਉਣਾ ਸ਼ੁਰੂ ਹੋ ਜਾਵੇ, ਬਾਜਾਂ ਵਾਲੇ ਪਿਤਾ ਜੀ ਵਰਤ ਗਏ ਹਨ ਤੇ ਵਿਕ ਜਾਇਆ ਕਰੋ ਕਿ ਆਪ ਜੀ ਦੇ ਪੰਜ ਪਿਆਰਿਆਂ ਵਿੱਚ ਇੰਨੀ ਤਾਕਤ ਹੈ, ਬਾਜਾਂ ਵਾਲੇ ਪਿਤਾ ਜੀ ਆਪ ਜੀ ਕਿੰਨੇ ਵੱਡੇ ਹੋਵੋਗੇ? ਅਨੁਭਵ ਕਰੋ। ਇਸ ਦਾ ਕੀ ਸੁਆਦ ਦੱਸੀਏ?

ਜਲਾਲਾਬਾਦ ਵਿੱਚ ਇੱਕ ਪਿੰਡ ਹੈ, ਟਿੰਡਾਂ ਵਾਲੀ, ਜਿੱਥੇ ਬਾਬਾ ਨੰਦ ਸਿੰਘ ਜੀ ਨੇ ਛੱਪੜ ਵਿੱਚ ਖਲੋ ਕੇ ਰਾਤ-ਦਿਨ ਬੰਦਗੀ ਕੀਤੀ ਹੈ। ਬਾਬਾ ਕੁੰਦਨ ਸਿੰਘ ਜੀ ਨਾਨਕਸਰ ਵਾਲਿਆਂ ਨੇ ਆਪਣੇ ਸੇਵਾਦਾਰ ਬਾਬਾ ਸੁਖਦੇਵ ਸਿੰਘ ਜੀ (ਜੋ ਭੁਚੋ ਸਾਹਿਬ ਵਿਖੇ ਮੁੱਖ ਸੇਵਾ ਨਿਭਾਅ ਰਹੇ ਹਨ) ਨੂੰ ਬਾਬਾ ਕੁੰਦਨ ਸਿੰਘ ਜੀ ਕਹਿੰਦੇ, ਟਿੰਡਾਂਵਾਲੀ ਠਾਠ ਵਿਖੇ ਸਰੋਵਰ ਬਣਾਓ। ਹੁਕਮ ਦਿੱਤਾ, 13 ਦਿਨਾਂ ਵਿੱਚ ਸਰੋਵਰ ਬਣਾਉਣਾ ਹੈ। ਬਾਬਾ ਸੁਖਦੇਵ ਸਿੰਘ ਜੀ ਨੇ ਕਿਹਾ ਸਤਿ ਬਚਨ ਬਾਬਾ ਜੀ। ਪਿੰਡ ਟਿੰਡਾਂਵਾਲੀ ਸਰੋਵਰ ਵਾਲੀ ਜਗ੍ਹਾ ਜਿੱਥੇ ਛੱਪੜ ਸੀ ਉਸ ਛੱਪੜ ਵਿੱਚੋਂ ਟਰੈਕਟਰਾਂ ਦੇ ਨਾਲ ਮੋਟਰ ਲਾ ਕੇ ਪਾਣੀ ਕੱਢਣਾ ਸ਼ੁਰੂ ਕਰ ਦਿੱਤਾ, ਦਾਸ ਗੱਲ ਛੋਟੀ ਕਰੇ ਛੱਪੜ ਵਿੱਚ ਤਿੰਨ ਪਾਸਿਓ ਪੌੜ ਬਣ ਗਏ ਹਨ ਪਰ ਜਦੋਂ ਚੌਥੇ ਪਾਸੇ ਤੋਂ ਪਾਣੀ ਕੱਢਦੇ ਹਨ ਤਾਂ ਥੱਲਿਓਂ ਹੋਰ ਉਨਾ ਹੀ ਪਾਣੀ ਨਿਕਲੀ ਆਉਂਦਾ।

ਬਾਬਾ ਸੁਖਦੇਵ ਸਿੰਘ ਜੀ ਸੋਚਣ ਲੱਗ ਗਏ ਹੁਣ ਕੀ ਕਰੀਏ? ਜਿੰਨਾ ਚੌਥੇ ਪੌੜ ਵਾਲੇ ਪਾਸੇ ਟਰੈਕਟਰ ਨਾਲ ਮੋਟਰ ਲਗਾ ਕੇ ਪਾਣੀ ਕੱਢਦੇ ਹਾਂ, ਉਨਾ ਹੀ ਪਾਣੀ ਥੱਲਿਓ ਹੋਰ ਆਈ ਜਾਂਦਾ ਹੈ। ਕਈ ਵਾਰੀ ਹੇਠਾਂ ਤਾਲ ਨਾਲ ਪਾਣੀ ਮਿਲਿਆ ਹੁੰਦਾ ਹੈ। ਤੇਰ੍ਹਾਂ ਦਿਨਾਂ ਵਿੱਚੋਂ ਕੇਵਲ ਤਿੰਨ ਦਿਨ ਹੀ ਰਹਿ ਗਏ। ਚੌਥੀ ਬਾਹੀ ਪੂਰੀ ਨਹੀਂ ਹੋ ਰਹੀ। ਇਹ ਵਰਤੀਆਂ ਗੱਲਾਂ ਹਨ। ਫਿਰ ਬਾਬਾ ਸੁਖਦੇਵ ਸਿੰਘ ਜੀ ਨੇ ਜੁਗਤੀ ਵਰਤੀ ਸੰਗਤ ਜੀ ਆਹ ਸਾਡੇ ਲਈ ਬੜੀ ਵੱਡੀ ਸੇਧ ਹੈ। ਜਦੋਂ ਕੋਈ ਵੱਡੀ ਮੁਸ਼ਕਿਲ ਆ ਜਾਵੇ ਫਿਰ ਪੰਜ ਪਿਆਰਿਆਂ ਵੱਲੋਂ ਕੀਤੀ ਅਰਦਾਸ ਉਪਰੰਤ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਵਰਤਦੇ ਹਨ। ਜਦੋਂ ਪੰਜ ਅੰਮ੍ਰਿਤਧਾਰੀ ਸਿੰਘਾਂ ਨੇ ਦੇਗ ਤਿਆਰ ਕਰਕੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਗੁਰਬਾਣੀ ਪੜ੍ਹ ਕੇ ਦੇਗ ਲੈ ਕੇ ਅਰਦਾਸ ਕੀਤੀ ਕਿ ਗੁਰੂ ਕਲਗੀਧਰ ਪਿਤਾ ਜੀ ਵਰਤੋ, ਮਹਾਂਪੁਰਸ਼ਾਂ ਨੇ ਡਿਊਟੀ ਲਗਾਈ ਹੈ, 13 ਦਿਨਾਂ ਵਿੱਚ ਸਰੋਵਰ ਬਣਾਉਣਾ ਹੈ, ਕਿਰਪਾ ਕਰਕੇ ਵਰਤੋ, ਜਿੰਨਾ ਪਾਣੀ ਛੱਪੜ ਦਾ ਕੱਢਦੇ ਹਾਂ, ਉਨਾ ਹੀ ਪਾਣੀ ਥਲਿਓਂ ਹੋਰ ਆ ਜਾਂਦਾ ਹੈ। ਪੰਜ ਸਿੰਘਾਂ ਦੀ ਅਰਦਾਸ ਤੋਂ ਬਾਅਦ ਜਦੋਂ ਪਾਣੀ ਕੱਢਣ ਲਈ ਟਰੈਕਟਰ ਲਗਾਏ, ਅਗਲੇ ਇੱਕ ਘੰਟੇ ਵਿੱਚ ਛੇ ਇੰਚ ਪਾਣੀ ਨੀਵਾਂ, ਅਗਲੇ ਘੰਟੇ ਬਾਅਦ ਇੱਕ ਫੁੱਟ ਪਾਣੀ ਨੀਵਾਂ, ਉਸ ਵੇਲੇ ਨਜ਼ਰ ਆਉਂਦਾ ਹੈ, ਸਾਡੇ ਬਾਜਾਂ ਵਾਲੇ ਪਿਤਾ ਜੀ ਤੇ ਰੱਬ ਵਿੱਚ ਕੋਈ ਅੰਤਰ ਨਹੀਂ। ਸਾਰਾ ਪਾਣੀ ਟਰੈਕਟਰਾਂ ਨਾਲ ਬਾਹਰ ਕੱਢ ਕੇ ਚੌਥੇ ਪਾਸੇ ਵੀ ਪੌੜ ਬਣਾ ਕੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਪਾ ਨਾਲ 13 ਦਿਨਾਂ ਵਿੱਚ ਸਰੋਵਰ ਤਿਆਰ ਹੋ ਗਿਆ। ਕਹਿਣ ਤੋਂ ਭਾਵ ਜਦੋਂ ਸਾਰੇ ਪਾਸੇ ਹੱਥ ਖੜ੍ਹੇ ਹੋ ਜਾਣ ਕੋਈ ਗੱਲ ਨਾ ਬਣੇ, ਮੁਸ਼ਕਿਲ ਆ ਜਾਵੇ ਤਾਂ ਪੰਜ ਪਿਆਰਿਆਂ ਰਾਹੀਂ ਅਰਦਾਸ ਕਰਵਾਇਆ ਕਰੋ ਫਿਰ ਗੁਰੂ ਕਲਗੀਧਰ ਪਿਤਾ ਜੀ ਪੰਜਾਂ ਵਿੱਚੋਂ ਆਪ ਵਰਤਦੇ ਹਨ। ਪੜ੍ਹੋ ਜੀ ਪੰਕਤੀਆਂ :

***ਕਰਹਿ ਭਗਤਿ ਆਤਮ ਕੈ ਚਾਇ ॥***

***(ਅੰਗ ੨੯੬)***

ਭਗਤੀ ਆਤਮਾ ਦੇ ਚਾਅ ਨਾਲ ਕਰਨੀ ਹੈ। ਸੇਵਾ ਆਤਮਾ ਦੇ ਚਾਅ ਨਾਲ ਕਰਨੀ ਹੈ। ਗਰੀਬ ਨਿਵਾਜ ਕਿਰਪਾ ਕਰਨ, ਬਖਸ਼ਿਸ਼ ਕਰਨ। ਫਿੱਕੀ ਭਗਤੀ, ਬੱਧਾ ਚੱਟੀ ਦੀ ਭਗਤੀ, ਜੋ ਕਰ ਰਹੇ ਹਨ, ਚਲੋ ਕੁਝ ਤਾਂ ਮਹਾਤਮ ਉਨ੍ਹਾਂ ਨੂੰ ਵੀ ਮਿਲਦਾ ਹੋਵੇਗਾ, ਪਰ ਅਰਦਾਸ ਕਰੋ, ਚਾਓ ਵਾਲੀ ਭਗਤੀ, ਇਹ ਵੀ ਜ਼ਿੰਦਗੀ ਵਿੱਚ ਕਿਤੇ ਆ ਜਾਵੇ। ਤੁਹਾਡੇ ਨੇਤਰਾਂ ਵਿੱਚੋਂ, ਤੁਹਾਡੇ ਹਿਰਦੇ ਵਿੱਚੋਂ, ਮੇਰੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਿਆਰ ਦੀਆਂ, ਚਾਓ ਦੀਆਂ ਖੁਸ਼ਬੂਆਂ ਇਹੋ ਜਿਹੀਆਂ ਆਉਣ ਕਿ ਦੂਜਾ ਵੀ ਵੇਖ ਕੇ ਜੁੜ ਜਾਵੇ। ਆਓ, ਹੁਣ ਜਿਸ ਪ੍ਰਕਰਨ ਦੀ ਗੁਰੂ ਸਾਹਿਬ ਜੀ ਸੇਵਾ ਲੈ ਰਹੇ ਹਨ, ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ। ਪਹਿਲਾਂ ਜਿਹੜੇ ਸ਼ਬਦ ਨੂੰ ਆਧਾਰ ਬਣਾਇਆ ਹੈ, ਉਸ ਦੀ ਹਾਜ਼ਰੀ ਲਗਾਈਏ, ਸਾਰੇ ਕਿਰਪਾ ਕਰੋ ਜੀ :

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***
***ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।***
***ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ।***
***ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ।***
***ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ।***
***ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ ॥੧੨॥***

***(ਵਾਰ ੧੯, ਪਉੜੀ ੧੨)***

ਸਾਰੀ ਸੰਗਤ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਆਰ ਵਿੱਚ ਗਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ ਜੀ।

**ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ :**

***ਧੰਨ ਧੰਨ ਭਾਈ ਨੰਦ ਲਾਲ ਜੀ।***

ਭਾਈ ਨੰਦ ਲਾਲ ਜੀ ਦਾ ਪ੍ਰਕਰਨ ਚੱਲ ਰਿਹਾ ਹੈ। ਦੋ ਭਾਗ ਹੋ ਚੁੱਕੇ ਹਨ। ਅੱਜ ਤੀਜਾ ਭਾਗ ਹੈ, ਗੁਰੂ ਸਾਹਿਬ ਸਿਰ 'ਤੇ ਹੱਥ ਰੱਖ ਕੇ ਸੇਵਾ ਲੈਣ।

ਪਿਛਲੇ ਭਾਗ ਵਿੱਚ ਆਪ ਜੀ ਨੇ ਪੜ੍ਹਿਆ ਸੀ ਕਿ ਭਾਈ ਨੰਦ ਲਾਲ ਜੀ ਨੇ ਇੱਕ ਨੌਕਰ ਆਪਣੀ ਪਤਨੀ ਨੂੰ ਦੇ ਕੇ ਸਹੁਰਿਆਂ ਦੇ ਸਪੁਰਦ ਕਰ, ਸਾਰਾ ਇੰਤਜ਼ਾਮ ਕੀਤਾ ਅਤੇ ਇੱਕ ਨੌਕਰ ਨਾਲ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਆ ਗਏ। ਬਾਣੀ ਦਾ ਰਾਹ ਲੱਭ ਪਿਆ ਹੈ, ਬਾਣੀ ਲੱਭ ਪਈ ਹੈ, ਹੁਣ ਮਨ ਵਿੱਚ ਹੈ ਕਿ ਬਾਣੀ ਦੇ ਰਹਿਬਰ ਮਿਲ ਜਾਣ। ਇੱਥੇ ਆ ਕੇ ਮਨ ਨੂੰ ਕਹਿ ਬੈਠੇ, ਜੇ ਬਾਜਾਂ ਵਾਲੇ ਅੰਤਰਜਾਮੀ ਹਨ ਤਾਂ ਆਪੇ ਬੁਲਾਉਣ। ਇੱਕ ਜਗ੍ਹਾ ਲੈ ਕੇ ਟਿਕਾਣਾ ਕਰ ਲਿਆ, ਸ੍ਰੀ ਅਨੰਦਪੁਰ ਸਾਹਿਬ ਦੇ ਕੋਲ। ਹੁਣ ਰੋਜ਼ ਬੰਦਗੀ ਚਲਦੀ ਹੈ, ਨੇਮ ਚਲਦਾ ਹੈ ਤੇ ਵਿੱਚੋਂ ਇਹ ਫਿਕਰ ਵੀ ਨਿਕਲਦਾ ਹੈ ਕਿ ਮਨਾ, ਗੁਰੂ ਸਾਹਿਬ ਦਾ ਇਮਤਿਹਾਨ ਲੈ ਬੈਠਾ ਹਾਂ ਕਿ ਜੇ ਗੁਰੂ ਸਾਹਿਬ ਅੰਤਰਜਾਮੀ ਹਨ ਤਾਂ ਆਪੇ ਬੁਲਾਉਣ, ਮੈਂ ਆਪੇ ਉੱਥੇ ਨਹੀਂ ਜਾਣਾ। ਇਹ ਫਿਕਰ ਵੀ ਅੰਦਰੋਂ ਨਿਕਲਦਾ ਹੈ ਕਿ ਮੈਂ ਕਿਤੇ ਗਲਤ ਤਾਂ ਨਹੀਂ ਕਰ ਬੈਠਾ। ਫਿਰ ਆਖਦੇ ਹਨ ਕਿ ਹੁਣ ਕਰ ਬੈਠਾ ਹਾਂ ਤਾਂ ਲਾਜ ਰੱਖਣੀ। ਦਿਨ ਬੀਤਦੇ ਜਾ ਰਹੇ ਤੇ ਭਾਈ ਨੰਦ ਲਾਲ ਜੀ ਦੀਆਂ ਤਕਰੀਬਨ ਦਸ ਕਿਤਾਬਾਂ ਹਨ, ਬੰਦਗੀਨਾਮਾ, ਗੰਜਨਾਮਾ ਉਨ੍ਹਾਂ ਵਿੱਚ ਅਲੱਗ-ਅਲੱਗ ਜ਼ਿਕਰ ਹਨ। ਇੱਕ ਕਿਤਾਬ ਦਾ ਥੋੜ੍ਹਾ ਇੰਟਰਨੈੱਟ ਤੇ ਹੈਡਿੰਗ ਦਿੱਤਾ, ਦੀਵਾਨ-ਏ-ਗੋਇਆ। ਜਦੋਂ ਦੀਵਾਨੇ ਹੋ ਗਏ ਤੇ ਗੁਰੂ ਚਰਨਾਂ ਦੇ ਪ੍ਰੇਮ ਦੀ ਦੀਵਾਨਗੀ ਵਿੱਚ ਇਸ ਕਿਤਾਬ ਵਿੱਚ ਗਜ਼ਲਾਂ ਲਿਖੀਆਂ ਹਨ।

ਭਾਈ ਨੰਦ ਲਾਲ ਜੀ ਸ੍ਰੀ ਅਨੰਦਪੁਰ ਸਾਹਿਬ ਤੋਂ ਥੋੜ੍ਹੀ ਦੂਰ ਜਗ੍ਹਾ ਲੈ ਕੇ ਰਹਿ ਰਹੇ ਹਨ ਪਰ ਤਨ ਵਿੱਚ ਇੱਛਾ ਰੱਖੀ ਹੈ ਕਿ ਮੈਨੂੰ ਸਤਿਗੁਰੂ ਜੀ ਆਪ ਨਾਂ ਲੈ ਕੇ ਸੱਦਣ। ਉਸ ਸਮੇਂ ਦਰਸ਼ਨਾਂ ਦੀ ਤਾਂਘ ਵਿੱਚ ਜੋ ਗਜ਼ਲਾਂ ਫਾਰਸੀ ਭਾਸ਼ਾ ਵਿੱਚ ਭਾਈ ਸਾਹਿਬ ਜੀ ਨੇ ਲਿਖੀਆਂ ਜਿਨ੍ਹਾਂ ਗਜ਼ਲਾਂ ਵਿੱਚ ਉਨ੍ਹਾਂ ਦਾ ਪਿਆਰ, ਬੈਰਾਗ ਝਲਕਦਾ ਹੈ। ਰਾਈਟਰਾਂ ਨੇ ਉਨ੍ਹਾਂ ਗਜ਼ਲਾਂ ਦਾ ਪੰਜਾਬੀ ਵਿੱਚ ਅਨੁਵਾਦ ਕੀਤਾ ਹੈ ਜੋ ਆਪ ਜੀ ਦੇ ਚਰਨਾਂ ਵਿੱਚ ਰੱਖ ਰਹੇ ਹਾਂ:

***ਨਾ ਗੁਣ ਹੈ ਨਾ ਜਪ ਤਪ ਪਲੇ***
***ਤੂੰ ਬਖਸ਼ਿੰਦ ਸਦਾਂਦਾ ਹੈ।***
***ਕੀ ਹੋਇਆ ਜੇ ਗੁਨਾਹਗਾਰ ਹਾਂ,***
***ਤੂੰ ਬਖਸ਼ਿੰਦ ਸਦਾਂਦਾ ਹੈ।***

ਇਹ ਉਨ੍ਹਾਂ ਦੀ ਕਲਮ ਹੈ। ਇਹ ਹੈ ਸਿੱਖੀ ਦਾ ਵੈਰਾਗ।

***ਕਿੱਥੋਂ ਤੱਕ ਮੈਂ ਦਿਲ ਆਪਣੇ ਨੂੰ***
***ਦੇਈ ਦਿਲਾਸਾ ਜਾਵਾਂਗਾ।***
***ਦਰਸ਼ ਤੇਰੇ ਬਿਨ ਪ੍ਰੀਤਮ ਮੇਰੇ,***
***ਮੈਂ ਕਿਵੇਂ ਦੇਈ ਦਿਲਾਸਾ ਜਾਵਾਂਗਾ।***

ਇਹ ਫਾਰਸੀ ਵਿੱਚ ਗਜ਼ਲਾਂ ਹਨ। ਅੱਜ ਤੁਸੀਂ ਪੰਜਾਬੀ ਵਿੱਚ ਅਨੰਦ ਮਾਣ ਰਹੇ ਹੋ। ਇੱਕ ਵੀਰ ਜਾਂ ਭੈਣ ਦੇ ਅੰਦਰ ਕਿਨਕਾ ਵੀ ਪ੍ਰੇਮ ਦਾ ਆ ਗਿਆ, ਇਹ ਸਤਿਸੰਗ ਸਫਲਾ ਹੋ ਜਾਵੇਗਾ। ਦਾਸ ਕੋਈ ਕੋਲੋਂ ਧਾਰਨਾ ਨਹੀਂ ਪੜ੍ਹ ਰਿਹਾ, ਇਹ ਭਾਈ ਨੰਦ ਲਾਲ ਜੀ ਦੀ ਕਿਤਾਬ, ਦੀਵਾਨ-ਏ-ਗੋਇਆ, ਉਸ ਵਿੱਚੋਂ ਗਜ਼ਲਾਂ ਹਨ :

***ਉਡੀਕ ਤੇਰੀ ਵਿੱਚ ਬੈਠੇ ਬੈਠੇ,***
***ਅੱਖਾਂ ਚਿੱਟੀਆਂ ਹੋ ਗਈਆਂ।***
***ਕੀ ਕਰਾਂ ਬਿਨ ਦਰਸ਼ਨ ਤੇਰੇ,***
***ਅੱਖਾਂ ਚਿੱਟੀਆਂ ਹੋ ਗਈਆਂ।***

-------------

***ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ।***

--------------

***ਸਾਚੁ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥੯॥੨੯॥***

*(ਤ੍ਵ ਪ੍ਰਸਾਦਿ ਸ੍ਵਯੇ)*

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਫੈਸਲਾ ਹੈ:

***ਅੰਧ ਕੂਪ ਤੇ ਕਾਢਨਹਾਰਾ ॥***
***ਪ੍ਰੇਮ ਭਗਤਿ ਹੋਵਤ ਨਿਸਤਾਰਾ ॥***

*(ਅੰਗ ੧੦੦੫)*

ਜਦ ਤੱਕ ਪ੍ਰੇਮਾ-ਭਗਤੀ ਨਹੀਂ ਆਈ, ਮੰਜ਼ਿਲ ਨਹੀਂ ਮਿਲੇਗੀ। ਪੁਕਾਰਾਂ ਪਹੁੰਚ ਗਈਆਂ, ਗੁਰੂ ਕਲਗੀਧਰ ਪਿਤਾ ਜੀ ਅੱਗੇ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੇਵੜੇ ਨੂੰ ਬੁਲਾਇਆ। ਕਹਿੰਦੇ ਜਾ ਭਾਈ, ਹੁਣ ਜ਼ਿਆਦਾ ਹੀ ਵੈਰਾਗ ਹੋ ਗਿਆ ਹੈ। ਮਹਾਰਾਜ ਜੀ, ਕਿੱਥੇ ਜਾਵਾਂ? ਸਤਿਗੁਰੂ ਜੀ ਕਹਿੰਦੇ ਇੱਕ ਮੀਲ-ਪੌਣਾ ਮੀਲ ਦੂਰ ਜਾ, ਉਮਰ ਦੱਸੀ, 50 ਸਾਲ ਹੈ। ਨਾਂ ਉਨ੍ਹਾਂ ਦਾ ਭਾਈ ਨੰਦ ਲਾਲ ਹੈ। ਘੋੜੇ ਤੇ ਜਾ, ਉਨ੍ਹਾਂ ਨੂੰ ਜਾ ਕੇ ਕਹਿ ਕਿ ਗੁਰੂ ਗੋਬਿੰਦ ਸਿੰਘ ਜੀ ਯਾਦ ਕਰਦੇ ਹਨ। ਸੰਗਤ ਜੀ, ਭਾਈ ਨੰਦ ਲਾਲ ਜੀ, ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਉਮਰ ਵਿੱਚ ਵੱਡੇ ਸਨ। ਸਤਿਗੁਰੂ ਜੀ ਕਹਿੰਦੇ 50 ਸਾਲ ਉਮਰ ਹੈ, ਨੰਦ ਲਾਲ ਨਾਂ ਹੈ। ਉਨ੍ਹਾਂ ਦਾ ਨਾਂ ਲੈ ਕੇ ਬੁਲਾਈਂ। ਸ਼ਰਤ ਰੱਖ ਕੇ ਬੈਠਾ ਹੈ, ਨਾਂ ਲੈ ਕੇ ਸੱਦਣਗੇ ਤਾਂ ਮੰਨਾਂਗਾ ਅੰਤਰਜਾਮੀ ਹਨ। ਜਾ ਕੇ ਕਹਿ, ਅਸੀਂ ਯਾਦ ਕਰ ਰਹੇ ਹਾਂ। ਉਹ ਮੇਵੜਾ ਪਹੁੰਚਿਆ ਹੈ, ਜਦੋਂ ਪਹੁੰਚ ਕੇ ਉਸ ਜਗ੍ਹਾ ਤੇ ਜਿੱਥੇ ਮਹਾਰਾਜ ਜੀ ਨੇ ਨਿਸ਼ਾਨੀ ਦੱਸੀ। ਆ ਕੇ ਆਖਿਆ, ਨੰਦ ਲਾਲ, ਤੁਹਾਡਾ ਨਾਮ ਹੈ। ਹਾਂ, ਭਾਈ ਮੇਰਾ ਨਾਂ ਹੈ। ਕਹਿਣ ਲੱਗਾ, ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤੁਹਾਨੂੰ ਯਾਦ ਕੀਤਾ ਹੈ। ਹੱਕੇ-ਬੱਕੇ ਰਹਿ ਗਏ ਤੇ ਨਾਲ ਭਾਈ ਨੰਦ ਲਾਲ ਜੀ ਨੂੰ ਖੁਸ਼ੀ ਚੜ੍ਹ ਗਈ ਤੇ ਖੁਸ਼ੀ ਦੀ ਕੋਈ ਹੱਦ ਨਹੀਂ। ਤੁਸੀਂ ਵੈਰਾਗ ਤਾਂ ਪੜ੍ਹ ਹੀ ਲਿਆ ਹੈ:

***ਉਡੀਕ ਤੇਰੀ ਵਿੱਚ ਬੈਠੇ ਬੈਠੇ,***
***ਅੱਖਾਂ ਚਿੱਟੀਆਂ ਹੋ ਗਈਆਂ।***
***ਕੀ ਕਰਾਂ ਬਿਨ ਦਰਸ਼ਨ ਤੇਰੇ,***
***ਅੱਖਾਂ ਚਿੱਟੀਆਂ ਹੋ ਗਈਆਂ।***

ਵਾਕਿਆ ਨਾਂ ਲੈ ਕੇ ਸੁਨੇਹਾ ਆ ਜਾਏ, ਉਹ ਸ਼ਰਤ ਲੈ ਕੇ ਬੈਠੇ ਸੀ ਕਿ ਜੇ ਗੁਰੂ ਸਾਹਿਬ ਅੰਤਰਜਾਮੀ ਹਨ ਤਾਂ ਨਾਂ ਲੈ ਕੇ ਬੁਲਾਉਣ। ਹੁਣ ਚਾਅ ਚੜ੍ਹ ਗਿਆ, ਮਲ੍ਹਾਰ ਚੜ੍ਹ ਗਿਆ। ਇਹ ਸੀਨ ਸੁਰਤੀ ਨਾਲ ਸਾਹਮਣੇ ਲਿਆਇਓ, ਤੁਹਾਨੂੰ ਅਨੰਦ ਆਏਗਾ। ਇਕਦਮ ਤਿਆਰੀ ਕੀਤੀ ਤੇ ਭਾਈ ਨੰਦ ਲਾਲ ਜੀ ਸਿੱਖ ਦੇ ਨਾਲ ਤੁਰਨ ਲੱਗੇ। ਭਾਈ ਵੀਰ ਸਿੰਘ ਜੀ ਤੇ ਹੋਰ ਰਾਈਟਰਾਂ ਨੇ ਸਮਾਂ ਲਿਖਿਆ। ਧਿਆਨ ਦੇਣਾ ਜੀ। ਭਾਈ ਨੰਦ ਲਾਲ ਜੀ ਕਹਿੰਦੇ, ਇਤਨੇ ਵੱਡੇ ਪਾਤਸ਼ਾਹ ਜੀ ਕੋਲ ਚੱਲੇ ਹਾਂ, ਸਿਰ ਤੇ ਕੱਪੜਾ ਸੰਵਾਰ ਕੇ ਬੰਨਿਆ। ਦੂਜਾ ਰਾਈਟਰਾਂ ਨੇ ਲਿਖਿਆ ਹੈ ਪ੍ਰਸ਼ਾਦਿ ਲਿਆ, ਮੈਂ ਖਾਲੀ ਹੱਥ ਨਹੀਂ ਜਾਣਾ।

ਜਦੋਂ ਭਾਈ ਨੰਦ ਲਾਲ ਜੀ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ, ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਅੱਗੇ ਕੀਰਤਨ ਹੋ ਰਿਹਾ ਸੀ ਤੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦਾ ਨਕਸ਼ਾ ਖਿੱਚਿਆ ਰਾਈਟਰਾਂ ਨੇ ਕਿ ਕੀਰਤਨ ਹੋ ਰਿਹਾ ਸੀ ਤੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮਾਧੀ ਲਗਾ ਕੇ ਕੀਰਤਨ ਸੁਣ ਰਹੇ ਸੀ। ਇਹ ਖੁਰਾਕ ਹੈ, ਗੁਰੂ ਘਰ ਦੀ। ਅਰਦਾਸ ਕਰੋ, ਇਹ ਨਿੱਕਾ ਜਿਹਾ ਭਾਂਡਾ ਹੈ। ਅਰਦਾਸ ਕਰੋ, ਸਾਨੂੰ ਵੀ ਸਮਾਧੀ ਮਿਲ ਜਾਵੇ, ਸਾਨੂੰ ਵੀ ਇਕਾਗਰਤਾ ਮਿਲ ਜਾਵੇ।

***ਏ ਮਨ ਹਰਿ ਜੀ ਧਿਆਇ ਤੂ***
***ਇਕ ਮਨਿ ਇਕ ਚਿਤਿ ਭਾਇ॥***
***ਹਰਿ ਕੀਆ ਸਦਾ ਸਦਾ ਵਡਿਆਈਆ***
***ਦੇਇ ਨ ਪਛੋਤਾਇ॥***

*(ਅੰਗ ੬੫੩)*

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਚੌਂਕੜਾ ਮਾਰ ਕੇ, ਸਮਾਧੀ ਵਿੱਚ ਕੀਰਤਨ ਸੁਣ ਰਹੇ ਹਨ। ਦਾਸ ਦਾ ਦਿਲ ਕਰਦਾ ਹੈ, ਸਿਰਫ ਪੰਜ-ਸੱਤ ਮਿੰਟ ਸਹਿਯੋਗ ਦੇਣਾ। ਸੰਗਤ ਜੀ ਥੋੜ੍ਹਾ ਜਿਹਾ ਇਹ ਰੂਪ ਸਾਹਮਣੇ ਲਿਆਓ। ਇਹ ਭਗਤੀ ਦਾ ਹਿੱਸਾ ਹੈ।

***ਮੇਰੇ ਲਾਲਨ ਕੀ ਸੋਭਾ॥***
***ਸਦ ਨਵਤਨ ਮਨ ਰੰਗੀ ਸੋਭਾ॥੧॥ ਰਹਾਉ॥***

*(ਅੰਗ ੧੩੨੨)*

ਇਸ ਵਿੱਚ ਇੱਕ ਪੰਕਤੀ ਆਈ ਸੀ:

***ਜੋਗ ਗਿਆਨ ਧਿਆਨ ਸੇਖਨਾਗੈ ਸਗਲ ਜਪਹਿ ਤਰੰਗੀ॥***

*(ਅੰਗ ੧੩੨੨)*

ਧਿਆਨ ਵੀ ਭਗਤੀ ਦਾ ਹਿੱਸਾ ਹੈ। ਇਹ ਮੰਗਿਆ ਹੈ, ਭਗਤਾਂ ਨੇ, ਧਿਆਨ। ਦੋ ਮਿੰਟ ਜ਼ਰਾ ਉਹ ਬਿਰਤੀ ਬਣਾਓ। ਕੀਰਤਨ ਹੋ ਰਿਹਾ ਹੋਵੇਗਾ, ਕਿਵੇਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਚੌਂਕੜਾ ਮਾਰ ਕੇ ਬੈਠੇ ਹੋਣਗੇ:

***ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ॥***
***ਹਉ ਬਲਿਹਾਰੀ ਸਤਿਗੁਰ ਚਰਣਾ॥੧॥***

*(ਅੰਗ ੫੬੨)*

ਇਹ ਸਾਡੇ ਪਿਤਾ ਜੀ ਦੀ ਭਗਤੀ ਇੰਨੀ ਪਿਆਰੀ ਹੈ। ਸਿੱਖ ਇੱਥੇ ਬੈਠਿਆਂ ਵੀ ਸ੍ਰੀ ਪਟਨਾ ਸਾਹਿਬ ਦੀ ਯਾਤਰਾ ਕਰ ਸਕਦਾ ਹੈ। ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਕਰ ਸਕਦਾ ਹੈ। ਭਾਈ ਨੰਦ ਲਾਲ ਜੀ ਦਰਬਾਰ ਵਿੱਚ ਦਾਖਲ ਹੋਏ, ਕੀਰਤਨ ਹੋ ਰਿਹਾ ਹੈ, ਪਿਤਾ ਜੀ ਸਮਾਧੀ ਵਿੱਚ ਬੈਠੇ ਹਨ। ਉਸ ਵੇਲੇ, ਉਸ ਸਮੇਂ ਤੇ ਜਿਹੜੀ ਗਜ਼ਲ ਉਨ੍ਹਾਂ ਨੇ ਲਿਖੀ ਜਾਂ ਬਾਅਦ ਵਿੱਚ ਲਿਖੀ ਹੋਵੇਗੀ। ਦਾਸ ਦਾ ਦਿਲ ਕਰਦਾ ਹੈ ਕਿ ਉਸ ਟਾਈਮ ਦੀ ਗਜ਼ਲ ਪੰਜਾਬੀ ਵਿੱਚ ਪੜ੍ਹੀਏ। ਜਦੋਂ ਭਾਈ ਨੰਦ ਲਾਲ ਜੀ ਕਲਗੀਧਰ ਪਾਤਸ਼ਾਹ ਜੀ ਦੇ ਦਰਬਾਰ ਅੰਦਰ ਵੜੇ, ਪਹਿਲੀ ਵਾਰੀ ਸਤਿਗੁਰੂ ਜੀ ਦੇ ਦਰਸ਼ਨ ਕੀਤੇ:

***ਸੁੰਦਰ ਰੂਪ ਤੁਸਾਂ ਦਾ ਤੱਕ ਕੇ,***
***ਚੰਦ ਪਿਆ ਸ਼ਰਮਾਂਦਾ ਹੈ।***
***ਚੰਦ ਨਿਮਾਣੇ ਦੀ ਕੀ ਗੱਲ ਕੀ ਏ,***
***ਸੂਰਜ ਵੀ ਘਬਰਾਉਂਦਾ ਏ।***

-----------------

***ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ॥***
***ਹਉ ਬਲਿਹਾਰੀ ਸਤਿਗੁਰ ਚਰਣਾ॥੧॥***

*(ਅੰਗ ੫੬੨)*

ਅੱਧਾ ਘੰਟਾ ਬੀਤਿਆ ਜਾਂ ਸਵਾ ਘੰਟਾ ਬੀਤਿਆ, ਕੀਰਤਨ ਦੀ ਸਮਾਪਤੀ ਹੋਈ। ਜ਼ਰਾ ਦਰਸ਼ਨ ਕਰੋ। ਬਾਜਾਂ ਵਾਲੇ ਪਿਤਾ ਜੀ ਨੇ ਨੇਤਰ ਖੋਲ੍ਹੇ। ਦਾਸ ਨੇ ਖੁਦ ਇਤਿਹਾਸ ਪੜ੍ਹਿਆ ਹੈ। ਸ੍ਰੀ ਗੋਇੰਦਵਾਲ ਸਾਹਿਬ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਸਵੇਰੇ ਆਸਾ ਜੀ ਦੀ ਵਾਰ ਤੇ ਕੀਰਤਨ ਵਿੱਚ ਬੈਠਦੇ ਸੀ ਤੇ ਸਮਾਪਤੀ ਤੋਂ ਬਾਅਦ ਜਦੋਂ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਨੇਤਰ ਖੋਲ੍ਹਦੇ ਸੀ, ਜਿਸ ਵੱਲ ਵੇਖ ਲੈਣ, ਉਸ ਦੇ ਸਾਰੀ ਜ਼ਿੰਦਗੀ ਦੇ ਪਾਪ ਧੋਤੇ ਜਾਂਦੇ ਸਨ। ਅੰਮ੍ਰਿਤ ਹੈ, ਗੁਰੂ ਸਾਹਿਬ ਦੇ ਨੇਤਰਾਂ ਵਿੱਚ:

***ਪੂਰਾ ਗੁਰੁ ਅਖੁਓ ਜਾ ਕਾ ਮੰਤ੍ਰ॥***
***ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ॥***

*(ਅੰਗ ੨੮੭)*

ਸੰਗਤ ਤਰਸਦੀ ਸੀ, ਸ੍ਰੀ ਗੋਇੰਦਵਾਲ ਸਾਹਿਬ। ਕਿਤੇ ਕ੍ਰਿਪਾ ਹੋ ਜਾਵੇ, ਅੱਜ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੀ ਪਹਿਲੀ ਨਜ਼ਰ ਕਿਤੇ ਸਾਡੇ ਤੇ ਪੈ ਜਾਵੇ।

***ਜਿਨ ਕਉ ਨਦਰਿ ਕਰਮੁ ਤਿਨ ਕਾਰ ॥***
***ਨਾਨਕ ਨਦਰੀ ਨਦਰਿ ਨਿਹਾਲ ॥੩੮॥***

***(ਅੰਗ ੮)***

ਸੰਗਤ ਜੀ, ਲਿਆਇਓ ਸੀਨ ਸਾਹਮਣੇ ਜ਼ਰਾ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੇਤਰ ਖੋਲ੍ਹੇ। ਸੰਗਤ ਵੱਲ ਦ੍ਰਿਸ਼ਟੀ ਘੁਮਾਈ। ਉਹ ਮੇਵੜਾ ਉੱਚੀ ਸਾਰੀ ਕਹਿਣ ਲੱਗਾ। ਮਹਾਰਾਜ ਜੀ, ਜਿੱਥੇ ਆਪ ਜੀ ਨੇ ਭੇਜਿਆ ਸੀ, ਭਾਈ ਨੰਦ ਲਾਲ ਜੀ ਨੂੰ ਲੈ ਆਇਆ ਹਾਂ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਹਿਲੇ ਲਫਜ਼ ਕੀ ਸਨ? ਕਹਿਣ ਲੱਗੇ, ਪੁਰਖਾ ਕੀ ਚਾਹੁੰਦਾ ਏ? ਇੰਨਾ ਵੈਰਾਗ ਕਰ ਰਿਹਾ ਹੈਂ। ਕੀ ਮੰਗ ਤੇਰੀ? ਸੰਗਤ ਜੀ, ਉਸ ਟਾਈਮ ਦੀ ਗਜ਼ਲ, ਤੁਸੀਂ ਹੈਰਾਨ ਰਹਿ ਜਾਓਗੇ, ਉਨ੍ਹਾਂ ਮੰਗਿਆ ਕੀ ਹੈ? ਕਹਿਣ ਲੱਗੇ:

***ਮਿਤ੍ਰ ਪਾਸੋਂ ਮਿਤ੍ਰਤਾਈ ਬਿਨ,***
***ਦੂਜੀ ਗੱਲ ਨਾ ਚਾਹੁੰਦੇ ਹਾਂ।***
***ਦਿਲ ਆਪਣੇ ਤੇ ਦੁੱਖਾਂ ਲਈ***
***ਕੋਈ ਦਾਰੂ ਵੈਦ ਨਾ ਲਾਉਂਦੇ ਹਾਂ।***

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਤੁਸੀਂ ਪੁੱਛਿਆ ਹੈ, ਕੀ ਚਾਹੁੰਦਾ ਹੈਂ? ਮੈਂ ਵੀ ਤੁਹਾਡਾ ਮਿੱਤਰ ਬਣਨਾ ਚਾਹੁੰਦਾ ਹਾਂ। ਆਪ ਜੀ ਵਰਗੇ ਦਰਗਾਹੀ ਮਿੱਤਰ ਦੇ ਚਰਨਾਂ ਵਿੱਚ ਜਗ੍ਹਾ ਲੈਣੀ ਚਾਹੁੰਦਾ ਹਾਂ। ਇਹ ਪਿਆਰ ਕਰੋ :

***ਜੇ ਤੂ ਮਿਤ੍ਰੁ ਅਸਾਡੜਾ ਹਿਕ ਭੋਰੀ ਨਾ ਵੇਛੋੜਿ ॥***

***(ਅੰਗ ੧੦੯੪)***

ਸਤਿਗੁਰੂ ਜੀ ਕਹਿੰਦੇ, ਕੀ ਚਾਹੁੰਦੇ ਹੋ ਤੇ ਭਾਈ ਨੰਦ ਲਾਲ ਜੀ ਕਹਿੰਦੇ, ਮ੍ਰਿਤਤਾਈ ਚਾਹੁੰਦੇ ਹਾਂ, ਨਾਮ ਦੇ ਦਿਓ, ਆਪਣੇ ਚਰਨਾਂ ਦਾ ਮਿੱਤਰ ਬਣਾ ਲਵੋ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ, ਜੋ ਮੰਗਦੇ ਹੋ, ਇਹ ਆ ਜਾਵੇਗਾ। ਨਿਹਾਲ ਕੀਤਾ। ਜ਼ਰਾ ਸੀਨ ਸਾਹਮਣੇ ਲਿਆਇਓ। ਕਮਰੇ ਵਿੱਚ ਵਾਪਸ ਆਏ। ਤੇ ਨੌਕਰ ਨੇ ਕੀ ਕਿਹਾ? ਹੈ ਮਾਇਆ ਵਾਲੇ ਸੀ। ਇੱਕ ਨੌਕਰ ਪਤਨੀ ਨੂੰ ਦੇ ਆਏ ਸੀ, ਇੱਕ ਆਪਣੇ ਕੋਲ ਸੀ। ਜਦੋਂ ਕਮਰੇ ਵਿੱਚ ਆਏ ਤੇ ਕਮਰੇ ਵਿੱਚ ਖੁਸ਼ ਬੜੇ ਸੀ। ਨੌਕਰ ਕਹਿਣ ਲੱਗਾ, ਜਦੋਂ ਕਈ ਦਿਨ ਪਹਿਲਾਂ ਤਾਂ ਰੋ ਰਹੇ ਸੀ ਬੜਾ, ਵੈਰਾਗ ਕਰਦੇ ਸੀ। ਨੌਕਰ ਭਾਈ ਨੰਦ ਲਾਲ ਜੀ ਨੂੰ ਕਹਿੰਦਾ ਹੈ, ਅੱਜ ਖੁਸ਼ ਬੜੇ ਹੋ, ਅੱਜ ਪ੍ਰਸੰਨ ਬੜੇ ਹੋ। ਲਫਜ਼ ਪੜ੍ਹਨਾ। ਆਪਣੇ ਨੌਕਰ ਨੂੰ ਕਹਿੰਦੇ ਕਿ ਖੁਸ਼ ਕਿਉਂ ਨਾ ਹੋਵਾਂ। ਅੱਜ ਮੈਨੂੰ ਤਿੰਨਾਂ ਲੋਕਾਂ ਦਾ ਮਾਲਕ ਮਿਲ ਗਿਆ। ਦੂਜੇ ਲਫਜ਼ ਕਹੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਲਈ ਬੋਲੇ, ਕਾਮਲ ਉਸਤਾਦ ਹਨ। ਅੱਜ ਮੇਰੇ ਸਾਰੇ ਔਗੁਣ ਮੇਟ ਕੇ, ਆਪਣੇ ਮਦਰੱਸੇ ਵਿੱਚ ਦਾਖਲ ਕਰ ਲਿਆ ਹੈ। ਤੀਜੇ ਲਫਜ਼ ਕਹੇ ਭਾਈ ਨੰਦ ਲਾਲ ਜੀ ਨੇ ਆਪਣੇ ਨੌਕਰ ਨੂੰ, ਉਮਰ ਮੇਰੀ 50 ਦੇ ਕਰੀਬ ਹੋ ਗਈ ਹੈ, ਖੁਸ਼ ਨਾ ਹੋਵਾਂ। ਅੱਜ ਮੇਰਾ ਨਵਾਂ ਜਨਮ ਹੋਇਆ ਹੈ। ਉਸ ਦਿਨ ਤੋਂ ਅੰਮ੍ਰਿਤ ਵੇਲਾ ਤੇ ਸ਼ਾਮ ਦਾ ਇਹ ਨੇਮ ਪੱਕਾ ਕਰ ਲਿਆ। ਇਹ ਭਾਈ ਨੰਦ ਲਾਲ ਜੀ ਦਾ ਪਿਆਰ ਸਾਡੀ ਭਗਤੀ ਵਿੱਚ ਵਾਧਾ ਕਰਦਾ ਹੈ। ਇਸ ਅੰਕ ਵਿੱਚ ਆਪ ਜੀ ਨੇ ਭਾਈ ਨੰਦ ਲਾਲ ਜੀ ਦੇ ਕੁਝ ਅੰਸ਼ਾਂ ਦੇ ਦਰਸ਼ਨ ਕੀਤੇ ਹਨ। ਆਓ ਜੀ, ਪੜ੍ਹੋ ਪੰਕਤੀਆਂ, ਜਿਹੜੇ ਸ਼ਬਦ ਨੂੰ ਆਧਾਰ ਬਣਾਇਆ ਹੈ ਫਿਰ ਸਮਾਪਤੀ ਹੈ:

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***

***(ਵਾਰ ੧੯, ਪਉੜੀ ੧੨)***

◊◊◊

ਬੱਚਿਆਂ ਲਈ ਵਿਸ਼ੇਸ਼

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਵੀਂ ਲਹਿਰ

# 400 ਸਾਲ ਗੁਰ ਇਤਿਹਾਸ ਦੇ ਨਾਲ

ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਨਵੀਂ ਲਹਿਰ "**400 ਸਾਲ ਗੁਰ ਇਤਿਹਾਸ ਦੇ ਨਾਲ**" ਸਿਫਤਿ ਸਾਲਾਹ ਵਿੱਚ ਅੰਕ 136 ਤੋਂ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਗੁਰੂ ਸਾਹਿਬਾਨਾਂ, ਸ਼ਹੀਦ ਸਿੰਘਾਂ ਅਤੇ ਗੁਰੂ ਕੇ ਪਿਆਰਿਆਂ ਦੇ ਜੀਵਨ ਵਿੱਚੋਂ ਪ੍ਰਸ਼ਨ-ਉੱਤਰ ਦੇ ਰੂਪ ਵਿੱਚ ਆਪਣੇ ਗੌਰਵਮਈ ਸਿੱਖ ਇਤਿਹਾਸ ਤੋਂ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਵੇਗਾ ਤਾਂ ਕਿ ਉਹ ਇਸ ਤੋਂ ਜਾਣੂ ਹੋ ਕੇ ਸੇਧ ਲੈ ਸਕਣ। ਆਪ ਜੀ ਅਸੀਸ ਦੇਣਾ ਤਾਂ ਕਿ ਇਹ ਸੇਵਾ ਹੋ ਸਕੇ।

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

